ਬੀ.ਏ ਭਾਗ ਪਹਿਲਾ (ਸਮੈਸਟਰ ਪਹਿਲਾ)  ਐਜੂਕੇਸ਼ਨ – ਪਰਚਾ ਏ
ਫਾਊਂਡੇਸ਼ਨ ਆਫ਼ ਐਜੂਕੇਸ਼ਨ

ਯੂਨਿਟ ਨੰ. 1

ਪਾਠ ਨੰ. :

ਭਾਗ : ਅ

2.1 : ਸਿੱਖਿਆ ਦੇ ਸਾਧਨ-ਪਰਿਵਾਰ, ਸਕੂਲ ਅਤੇ ਸਮਾਜ

2.2 : ਰਾਸ਼ਟਰੀ ਏਕਤਾ ਲਈ ਸਿੱਖਿਆ

2.3 : ਅੰਤਰ ਰਾਸ਼ਟਰੀ ਸੂਝ-ਬੂਝ ਲਈ ਸਿੱਖਿਆ

2.4 : ਲੋਕਤੰਤਰ ਲਈ ਸਿੱਖਿਆ

ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ
**www.dccpbi.com** ਤੋਂ ਡਾਊਨਲੋਡ ਕਰਨ।

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰ.: 2.1** **ਲੇਖਕ : ਡਾ. ਮਨਜੀਤ ਕੌਰ**

# ਸਿੱਖਿਆ ਦੇ ਸਾਧਨ ਪਰਿਵਾਰ, ਸਕੂਲ ਅਤੇ ਸਮਾਜ

## ਪਾਠ ਦੀ ਬਣਤਰ (Structure of the Lesson)

2.1.1 ਪਾਠ ਦੇ ਉਦੇਸ਼ (**Objectives of the Lesson**)

2.1.2 ਜਾਣਕਾਰੀ (**Introduction**)

2.1.3 ਏਜੰਸੀਆਂ ਦਾ ਵਰਗੀਕਰਣ

2.1.3.1 ਸਿੱਖਿਆ ਦੇ ਸਾਧਨਾਂ ਦਾ ਪਹਿਲਾ ਵਰਗੀਕਰਣ

(1) ਸਿੱਖਿਆ ਦੇ ਰਸਮੀ ਸਾਧਨ (**Formal Agencies of Education**)

(2) ਸਿੱਖਿਆ ਦੇ ਗ਼ੈਰ-ਰਸਮੀ ਸਾਧਨ (**Non-formal Agencies of Education**)

2.1.3.2 ਸਿੱਖਿਆ ਦੇ ਸਾਧਨਾਂ ਦਾ ਦੂਜਾ ਵਰਗੀਕਰਣ

(1) ਕਰਤਰੀ ਜਾਂ ਸਕ੍ਰਿਆ ਸਿੱਖਿਆ ਸਾਧਨ (**Active Agencies of Education**)

(2) ਕਰਮਣੀ ਜਾਂ ਅਕ੍ਰਿਆ ਸਿੱਖਿਆ ਸਾਧਨ (**Passive Agencies of Education**)

2.1.3.3 ਸਿੱਖਿਆ ਦੇ ਸਾਧਨਾਂ ਦਾ ਤੀਸਰਾ ਵਰਗੀਕਰਣ :

(1) ਰਸਮੀ ਸੰਗਠਨ ਦਾ ਸਾਧਨ (**Formal Agenices**)

(2) ਗ਼ੈਰ-ਰਸਮੀ ਸਾਧਨ (**Non-formal Agencies)**

(3) ਵਪਾਰਕ ਸੰਗਠਨ (**Commercial Organisation**)

(4) ਗ਼ੈਰ-ਵਪਾਰਕ ਸੰਗਠਨ (**Non-Commercial Organisation**)

2.1.4 'ਪਰਿਵਾਰ' ਦੀ ਸਿੱਖਿਆ ਦੇ ਸਾਧਨ ਵਜੋਂ ਕੰਮ ਅਤੇ ਮਹੱਤਤਾ

2.1.5 'ਪਾਠਸ਼ਾਲਾ ਜਾਂ ਸਕੂਲ' ਦੀ ਕੰਮ ਅਤੇ ਮਹੱਤਤਾ

2.1.6 'ਸਮਾਜ' ਦੀ ਸਿੱਖਿਆ ਦੇ ਸਾਧਨ ਵਜੋਂ ਕੰਮ ਅਤੇ ਮਹੱਤਤਾ

2.1.7 ਸਾਰ (**Summary**)

2.1.8 ਸਵੈ-ਮੁਲਾਂਕਣ ਪ੍ਰਸ਼ਨ (**Self-Evaluation Questions**)

2.1.9 ਸੁਝਾਏ ਪ੍ਰਸ਼ਨ (**Suggested Questions**)

2.1.10 ਸੁਝਾਈ ਪੁਸਤਕ ਸੂਚੀ (**Suggested Books**)

## 2.1.1 ਪਾਠ ਦੇ ਉਦੇਸ਼ (Objectives of the Lesson)

ਪਿਆਰੇ ਵਿਦਿਆਰਥੀਓ ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਹੇਠ ਲਿਖੇ ਸੰਕਲਪਾਂ ਬਾਰੇ ਸੂਝ ਪ੍ਰਾਪਤ ਕਰ ਸਕੋਗੇ।

(1) ਸਿੱਖਿਆ ਦੇ ਸਾਧਨਾ ਬਾਰੇ ਜਾਣਕਾਰੀ ਪ੍ਰਾਪਤ ਕਰ ਸਕੋਗੇ।

(2) ਸਿੱਖਿਆ ਦੇ ਸਾਧਨਾਂ ਦਾ ਵਰਗੀਕਰਣ ਕਿਵੇਂ-ਕਿਵੇਂ ਕਰ ਸਕਦੇ ਹੋ।

(3) ਸਿੱਖਿਆ ਦੇ ਸਾਧਨਾਂ ਦੇ ਕੰਮ ਅਤੇ ਉਨ੍ਹਾਂ ਦੀ ਕੀ ਮਹੱਤਤਾ ਬਾਰੇ ਜਾਣ ਲਵੋਗੇ।

(4) ਸਿੱਖਿਆ ਦੇ ਸਾਧਨ ਪਰਿਵਾਰ, ਸਕੂਲ ਅਤੇ ਸਮਾਜ ਦੀ ਪੂਰਨ ਜਾਣਕਾਰੀ ਪ੍ਰਾਪਤ ਕਰ ਸਕੋਗੇ।

## 2.1.2 ਜਾਣਕਾਰੀ (Introduction)

### ਸਿੱਖਿਆ ਦੇ ਸਾਧਨ : (Agencies of Education)

ਸਿੱਖਿਆ ਦੇ ਸਾਧਨਾਂ ਤੋਂ ਸਾਡਾ ਭਾਵ ਉਨ੍ਹਾਂ ਸੰਸਥਾਵਾਂ, ਸੰਗਠਨਾਂ ਅਤੇ ਸਾਧਨਾਂ ਤੋਂ ਹੈ ਜੋ ਸਿੱਖਿਆ ਦੇਣ ਦੀ ਪ੍ਰਕਿਰਿਆ ਵਿੱਚ ਮਹੱਤਵਪੂਰਨ ਕੰਮ ਕਰਦੇ ਹਨ।

ਹਰ ਮਨੁੱਖ ਸੁਭਾਵਿਕ ਹੀ ਚੇਤ ਅਤੇ ਅਚੇਤ ਰੂਪ ਵਿਚ ਆਪਣੇ ਵਾਤਾਵਰਣ ਵਿਚੋਂ ਬਹੁਤ ਕੁੱਝ ਸਿੱਖਦਾ ਹੈ। ਸਮਾਜਿਕ ਵਿਕਾਸ ਦੇ ਨਾਲ-ਨਾਲ ਇਹ ਵਾਤਾਵਰਣ ਦਿਨ ਪ੍ਰਤੀ ਦਿਨ ਗੁੰਝਲਦਾਰ ਹੁੰਦਾ ਜਾਂਦਾ ਹੈ। ਹਰ ਪੀੜ੍ਹੀ ਆਪਣੇ ਤੋਂ ਪਹਿਲੀ ਪੀੜ੍ਹੀ ਤੋਂ ਵਿਰਸੇ ਵਿਚ ਪ੍ਰਾਪਤ ਕੀਤੇ ਆਪਣੇ ਅਨੁਭਵ, ਵਿਚਾਰ, ਰੀਤੀ ਰਿਵਾਜਾਂ ਅਤੇ ਕਦਰਾਂ-ਕੀਮਤਾਂ ਮਿਲਾ ਕੇ ਨਵੀਂ ਪੀੜ੍ਹੀ ਨੂੰ ਸੌਂਪਦੀ ਹੈ। ਇਹ ਕਿਰਿਆ ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਨੂੰ ਸਿੱਖਿਆ ਰਾਹੀਂ ਹੀ ਹੁੰਦੀ ਹੈ। ਇਹ ਸਿੱਖਿਆ ਹਰ ਪ੍ਰਾਣੀ ਸੁਭਾਵਕ ਹੀ ਪ੍ਰਾਪਤ ਕਰਦਾ ਰਹਿੰਦਾ ਹੈ ਪਰ ਇਹ ਕਾਫੀ ਨਹੀਂ ਹੁੰਦਾ, ਜਿੰਨਾ ਚਿਰ ਇਸ ਨੂੰ ਯੋਜਨਾਬੱਧ ਨਾ ਕੀਤਾ ਜਾਵੇ। ਇਨ੍ਹਾਂ ਸਾਰੇ ਸੁਭਾਵਿਕ ਅਤੇ ਸਥਾਪਿਤ ਸੰਸਥਾਵਾਂ ਨੂੰ ਸਿੱਖਿਆ ਦੇ ਸਾਧਨ ਜਾਂ ਏਜੰਸੀਆਂ ਕਹਿੰਦੇ ਹਨ।

### 2.1.3 ਏਜੰਸੀਆਂ ਦਾ ਵਰਗੀਕਰਣ (Classification of Agencies)

ਵੱਖ ਵੱਖ ਵਿਦਵਾਨਾਂ ਨੇ ਵੱਖਰੇ–ਵੱਖਰੇ ਆਧਾਰਾਂ ਤੇ ਸਿੱਖਿਆ ਦੀਆਂ ਏਜੰਸੀਆਂ ਦਾ ਵਰਗੀਕਰਣ ਕੀਤਾ ਹੈ, ਜਿਨ੍ਹਾਂ ਦੇ ਮੁੱਖ ਆਧਾਰ ਇਹ ਹਨ --

(ੳ) ਏਜੰਸੀਆਂ ਦਾ ਸੁਭਾਅ (**Nature of Agencies**)

(ਅ) ਸਿੱਖਿਆ ਦੇ ਖੇਤਰ ਵਿੱਚ ਦਿਖਾਈ ਜਾਣ ਵਾਲੀ ਜ਼ਿੰਮੇਵਾਰੀ (**Responsibility exhibited in the process of Education**)

ਪਹਿਲੇ ਆਧਾਰ ਤੇ ਇਹ ਏਜੰਸੀਆਂ ਦੋ ਤਰ੍ਹਾਂ ਦੀਆਂ ਹਨ, ਰਸਮੀ (**Formal)** ਅਤੇ ਗ਼ੈਰ ਰਸਮੀ (Non-formal) ਦੂਸਰੇ ਆਧਾਰ ਤੇ ਵੀ ਇਨ੍ਹਾਂ ਸਾਧਨਾਂ ਦੇ ਦੋ ਰੂਪ ਹਨ - ਸ੍ਰਕ੍ਰਿਆ ਸਿੱਖਿਆ ਸਾਧਨ (Active Agencies of Education) ਅਤੇ ਅਕ੍ਰਿਆ ਸਿੱਖਿਆ ਸਾਧਨ (Passive Agencies of Education) ਇਹਨਾਂ ਦੋਹਾਂ ਦਾ ਵਰਗੀਕਰਣ ਇਸ ਤਰ੍ਹਾਂ ਕਰ ਸਕਦੇ ਹਾਂ।

#### 2.1.3.1 ਸਿੱਖਿਆ ਦੇ ਸਾਧਨਾਂ ਦਾ ਪਹਿਲਾ ਵਰਗੀਕਰਣ (First Classification of Agencies of Education)

ਸਿੱਖਿਆ ਦੀਆਂ ਏਜੰਸੀਆਂ (**Agencies of Education**)

| ਰਸਮੀ ਸਾਧਨ (Formal Agencies) | ਗੈਰ ਰਸਮੀ ਸਾਧਨ (Non-formal Agencies) |
|---|---|
| 1. ਸਕੂਲ | 1. ਪਰਿਵਾਰ |
| 2. ਧਾਰਮਿਕ ਸੰਸਥਾਵਾਂ | 2. ਖੇਡ–ਇਕੱਠ |
| 3. ਲਾਇਬ੍ਰੇਰੀਆਂ | 3. ਗੁੱਟ |
| 4. ਸੰਗਠਿਤ ਮਨੋਰੰਜਨਾਤਮਿਕ ਕੇਂਦਰ | 4. ਯੁਵਕ ਮੈਂਬਰਸ਼ਿਪ ਗਰੁੱਪ |

#### (1) ਸਿੱਖਿਆ ਦੇ ਰਸਮੀ ਸਾਧਨ (Formal Agencies of Education)

ਇਹ ਸਾਧਨ ਨਿਸ਼ਚਿਤ ਉਦੇਸ਼ਾਂ ਦੀ ਪ੍ਰਾਪਤੀ ਲਈ ਯੋਜਨਾਬੱਧ ਕੀਤੇ ਜਾਂਦੇ ਹਨ ਅਤੇ ਨਿਯਮਬੱਧ ਪ੍ਰਣਾਲੀ ਅਨੁਸਾਰ ਕਾਰਜ ਕਰਦੇ ਹਨ। ਇਨ੍ਹਾਂ ਵਿੱਚ ਅਧਿਆਪਕ ਰਾਹੀਂ ਸੁਚੇਤ ਅਤੇ ਉਦੇਸ਼ ਪੂਰਨ ਸਿੱਖਿਆ ਦਿੱਤੀ ਜਾਂਦੀ ਹੈ। ਇਹ ਸਾਧਨ ਹਨ–ਧਾਰਮਿਕ ਸੰਸਥਾਵਾਂ, ਲਾਇਬ੍ਰੇਰੀਆਂ ਅਤੇ ਸੰਗਠਿਤ ਮਨੋਰੰਜਨ ਕੇਂਦਰ ਜਿਵੇਂ ਅਜਾਇਬ ਘਰ, ਆਰਟ ਗੈਲਰੀ, ਖੇਡ–ਕਲੱਬ ਆਦਿ। ਸਿੱਖਿਆ ਦਾ ਅਸਥਾਨ, ਉਦੇਸ਼, ਯੋਜਨਾ, ਪਾਠਕ੍ਰਮ ਆਦਿ ਪਹਿਲਾਂ ਹੀ ਨਿਸ਼ਚਿਤ ਹੁੰਦੇ ਹਨ।

#### (2) ਸਿੱਖਿਆ ਦੇ ਗ਼ੈਰ–ਰਸਮੀ ਸਾਧਨ (Non-formal Agencies of Education)

ਇਹ ਸੋਚ ਸਮਝ ਕੇ ਅਤੇ ਵਿਸ਼ੇਸ਼ ਉਦੇਸ਼ਾਂ ਦੀ ਪ੍ਰਾਪਤੀ ਲਈ ਸਥਾਪਿਤ ਨਹੀਂ ਕੀਤੇ ਜਾਂਦੇ ਸਗੋਂ ਕਿਸੇ ਹੋਰ ਉਦੇਸ਼ ਦੀ ਪ੍ਰਾਪਤੀ ਲਈ ਹੋਂਦ ਵਿੱਚ ਆਉਂਦੇ ਹਨ ਅਤੇ ਨਾਲ ਨਾਲ ਸਿੱਖਿਆਤਮਿਕ ਕਾਰਜ ਵੀ

ਕਰਦੇ ਹਨ ਜਿਵੇਂ ਕਿ ਪਰਿਵਾਰ, ਖੇਡ ਦਾ ਮੈਦਾਨ, ਯੁਵਕ ਜਥੇਬੰਦੀਆਂ, ਟੋਲੇ ਆਦਿ। ਗ਼ੈਰ ਰਸਮੀ ਸਿੱਖਿਆ ਵਿਚ ਕਿਸੇ ਅਨੁਸ਼ਾਸਨ ਪ੍ਰਣਾਲੀ ਦਾ ਪਾਲਨ ਨਹੀਂ ਕੀਤਾ ਜਾਂਦਾ।

### 2.1.3.2 ਸਿੱਖਿਆ ਦੇ ਸਾਧਨਾਂ ਦਾ ਦੂਜਾ ਵਰਗੀਕਰਣ (Second Classification of Agencies of Education)

**ਸਿੱਖਿਆ ਦਾ ਸਾਧਨ**

| ਸਕ੍ਰਿਆ ਸਾਧਨ (**Active Agencies** ) | ਅਕ੍ਰਿਆ ਸਾਧਨ (**Passive Agencies**) |
|---|---|
| ਪਰਿਵਾਰ, ਸਕੂਲ, ਧਾਰਮਿਕ ਸੰਸਥਾਵਾਂ, ਸਮਾਜ ਕਲਿਆਣ ਕੇਂਦਰ | ਰੇਡੀਓ, ਟੈਲੀਵਿਜ਼ਨ, ਸਿਨੇਮਾ, ਸਮਾਜ, ਰਾਜ ਕਲੱਬ, ਪ੍ਰੈਸ ਅਖ਼ਬਾਰ ਅਤੇ ਪੱਤਰਕਾਵਾਂ |

### (1) ਕਰਤਰੀ ਜਾਂ ਸਕ੍ਰਿਆ ਸਿੱਖਿਆ ਸਾਧਨ (Active Agencies of Education)

ਇਹ ਉਹ ਸਾਧਨ ਹੁੰਦੇ ਹਨ ਜਿੱਥੇ ਸਮਾਜਿਕ ਮੇਲ ਮਿਲਾਪ ਰਾਹੀਂ ਆਪਸੀ ਪ੍ਰਕਿਰਿਆ ਤੋਂ ਹਰ ਵਿਅਕਤੀ ਕੁਝ ਸਿੱਖਦਾ ਹੈ ਅਤੇ ਦੂਸਰਿਆਂ ਨੂੰ ਕੁਝ ਸਿਖਾਉਂਦਾ ਹੈ। ਇਸ ਤਰ੍ਹਾਂ ਇਹ ਪ੍ਰਕਿਰਿਆ ਦੋ ਮੁੱਖੀ ਹੁੰਦੀ ਹੈ। ਇਹ ਸਾਧਨ ਹਨ-ਪਰਿਵਾਰ, ਧਾਰਮਿਕ ਸੰਸਥਾਵਾਂ, ਖੇਡ-ਮੈਦਾਨ, ਯੁਵਕ ਜਥੇਬੰਦੀਆਂ, ਸਕੂਲ, ਮਨੋਰੰਜਨ ਕੇਂਦਰ ਆਦਿ ਇਨ੍ਹਾਂ ਸੰਸਥਾਵਾਂ ਵਿੱਚ ਸਮਾਜਿਕ ਪ੍ਰਕਿਰਿਆ ਨੂੰ ਸੁਚੇਤ ਰੂਪ ਨਾਲ ਸੰਗਠਤ ਕੀਤਾ ਜਾਂਦਾ ਹੈ।

### (2) ਕਰਮਣੀ ਜਾਂ ਅਕ੍ਰਿਆ ਸਿੱਖਿਆ ਸਾਧਨ (Passive Agencies of Education)

ਇਹ ਉਹ ਸਾਧਨ ਹਨ ਜਿਨ੍ਹਾਂ ਵਿਚ ਇਕ ਪੱਖੀ ਪ੍ਰਕ੍ਰਿਆ ਰਾਹੀਂ ਵਿਅਕਤੀ ਪ੍ਰਭਾਵਿਤ ਹੁੰਦਾ ਹੈ। ਸਾਧਨਾਂ ਉਤੇ ਵਿਅਕਤੀ ਦਾ ਨਵੇਕਲੇ ਰੂਪ ਵਿਚ ਕੋਈ ਪ੍ਰਭਾਵ ਨਹੀਂ ਪੈਂਦਾ, ਸਗੋਂ ਵਿਅਕਤੀਆਂ ਦੇ ਸਮੂਹਾਂ ਦਾ ਜਨ ਰੁਚੀ ਦੇ ਰੂਪ ਵਿਚ ਯੁਵਕਾਂ ਦੇ ਵਿਚਾਰਾਂ ਅਤੇ ਸੋਚ ਸ਼ਕਤੀ ਨੂੰ ਪ੍ਰਭਾਵਿਤ ਕਰਦੇ ਹਨ। ਅਕਿਰਿਆ ਸਾਧਨਾਂ ਵਿਚੋਂ ਅੰਤਰੀ ਕਿਰਿਆ ਕੇਵਲ ਇਕ ਕਿਸਮ ਦੀ ਹੁੰਦੀ ਹੈ।

### 2.1.3.3 ਸਿੱਖਿਆ ਦੇ ਸਾਧਨਾਂ ਦਾ ਤੀਸਰਾ ਵਰਗੀਕਰਣ (Third Classification of Agencies of Education) :

ਪ੍ਰੋਫੈਸਰ ਐਫ.ਜੇ.ਬਰਾਊਨ (F.J. Brown) ਨੇ ਆਪਣੇ ਵਰਗੀਕਰਣ ਵਿੱਚ ਇਨ੍ਹਾਂ ਸਾਧਨਾਂ ਦੀ ਵੰਡ ਚਾਰ ਹਿੱਸਿਆਂ ਵਿੱਚ ਕੀਤੀ ਹੈ ਜਿਨ੍ਹਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ -

**ਸਿੱਖਿਆ ਦੇ ਸਾਧਨ :**

| ਰਸਮੀ ਸਾਧਨ | ਗ਼ੈਰ-ਰਸਮੀ ਸਾਧਨ | ਵਪਾਰਕ ਸਾਧਨ | ਗ਼ੈਰ ਵਪਾਰਕ ਸਾਧਨ |
|---|---|---|---|
| ਸਕੂਲ ਧਾਰਮਿਕ | ਪਰਿਵਾਰ | ਰੇਡੀਓ | ਖੇਡ ਕਲੱਬ |
| ਅਜਾਇਬ ਘਰ, ਲਾਇਬ੍ਰੇਰੀਆਂ | ਖੇਡ ਮੈਦਾਨ | ਟੈਲੀਵਿਜ਼ਨ | ਸਮਾਜ ਕਲਿਆਣ ਕੇਂਦਰ |
| ਆਰਟ ਗੈਲਰੀਆਂ | ਸਮਾਜ ਜਾਂ ਰਾਜ | ਸਿਨੇਮਾ | ਨਾਟਕ ਕਲੱਬ |

| | | | |
|---|---|---|---|
| ਆਦਿ | | ਨਾਚ ਘਰ ਥੀਏਟਰ ਮੰਚ ਪ੍ਰੈਸ | ਸਮਾਜ ਕਲਿਆਣ ਸੰਗਠਨ ਸਕਾਊਟਿੰਗ, ਬਾਲਗ ਸਿੱਖਿਆ, ਕੇਂਦਰ, ਗਰਲ ਗਾਈਡਿੰਗ ਬੁਆਇ ਸਕਾਊਟਿੰਗ ਨਹਿਰੂ ਯੁਵਕਤ ਕੇਂਦਰ ਆਦਿ |

### (1) ਰਸਮੀ ਸੰਗਠਨ ਦਾ ਸਾਧਨ (Formal Agenices)

ਇਹ ਉਹ ਸਾਧਨ ਹੁੰਦੇ ਹਨ ਜਿਨ੍ਹਾਂ ਨੂੰ ਸਮਾਜ ਕੇਵਲ ਵਿਦਿਅਕ ਮੰਤਵ ਲਈ ਸਥਾਪਿਤ ਕਰਦਾ ਹੈ, ਜਿਵੇਂ ਕਿ ਸਕੂਲ, ਧਾਰਮਿਕ ਸੰਸਥਾਵਾਂ, ਪੁਸਤਕਾਲੇ ਆਦਿ ਅਜਿਹੀਆਂ ਸਮਾਜਿਕ ਜਥੇਬੰਦੀਆਂ ਹਨ ਜਿਨ੍ਹਾਂ ਦਾ ਮੁੱਖ ਮੰਤਵ ਕੁਝ ਹੋਰ ਹੁੰਦਾ ਹੈ।

### (2) ਗ਼ੈਰ-ਰਸਮੀ ਸਾਧਨ (Non-formal Agencies)

ਇਹ ਸਿੱਖਿਆਤਮਕ ਕਾਰਜ ਵੀ ਕਰਦੀਆਂ ਹਨ ਜਿਵੇਂ ਕਿ ਪਰਿਵਾਰ, ਖੇਡ ਜਥੇਬੰਦੀਆਂ, ਧਾਰਮਿਕ ਜਥੇਬੰਦੀਆਂ ਆਦਿ।

### (3) ਵਪਾਰਕ ਸੰਗਠਨ (Commercial Organisation)

ਇਹ ਸਾਧਨ ਵਪਾਰਕ ਵਿਕਾਸ ਲਈ ਕਾਇਮ ਕੀਤੇ ਜਾਂਦੇ ਹਨ ਪਰ ਇਨ੍ਹਾਂ ਦੀ ਵਿਦਿਅਕ ਕੰਮਾਂ ਵਿੱਚ ਵੀ ਵੱਡੀ ਦੇਣ ਹੁੰਦੀ ਹੈ। ਇਹ ਹਨ ਚੱਲ ਚਿੱਤਰ, ਅਖ਼ਬਾਰ ਅਤੇ ਪੱਤਰਕਾਵਾਂ, ਦੂਰਦਰਸ਼ਨ, ਰੇਡੀਓ ਆਦਿ।

### (4) ਗ਼ੈਰ-ਵਪਾਰਕ ਸੰਗਠਨ (Non-Commercial Organisation)

ਅਜਿਹੀਆਂ ਜਥੇਬੰਦੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਉਦੇਸ਼ ਵਪਾਰਕ ਵਿਕਾਸ ਨਹੀਂ ਹੁੰਦਾ ਸਗੋਂ ਸਮਾਜਿਕ ਜਾਂ ਵਿਅਕਤੀਗਤ ਭਲਾਈ ਹੁੰਦਾ ਹੈ ਜਿਵੇਂ ਕਿ ਯੁਵਕ ਜਥੇਬੰਦੀਆਂ, ਸਭਿਆਚਾਰਕ ਜਥੇਬੰਦੀਆਂ, ਧਾਰਮਿਕ ਜਥੇਬੰਦੀਆਂ, ਸਮਾਜ ਭਲਾਈ ਜਥੇਬੰਦੀਆਂ ਆਦਿ।

ਪ੍ਰੋਫੈਸਰ ਬਰਾਊਨ ਪਰਿਵਾਰ, ਸਕੂਲ ਅਤੇ ਧਰਮ ਨੂੰ ਸਮਾਜ ਦੇ ਥੰਮ੍ਹ ਮੰਨਦੇ ਹਨ, ਜੋ ਸਮਾਜਿਕ ਵਿਕਾਸ ਦੇ ਹਰ ਪੜਾਅ ਤੇ ਹੋਂਦ ਵਿੱਚ ਆ ਰਹੇ ਹਨ ਅਤੇ ਇਹ ਆਪਣੇ ਕਾਰਜ ਹਰ ਸਮੇਂ ਕਰਦੇ ਰਹਿੰਦੇ ਹਨ। ਇਨ੍ਹਾਂ ਵਿਚ ਵੱਖ-ਵੱਖ ਸਾਧਨਾਂ ਦੀ ਲੋੜ ਇਸ ਲਈ ਹੁੰਦੀ ਹੈ ਕਿਉਂਕਿ ਕੋਈ ਇਕ ਸਾਧਨ ਸਮੁੱਚੀ ਸਿੱਖਿਆ ਨਹੀਂ ਦੇ ਸਕਦਾ। ਸਗੋਂ ਸਾਰੇ ਇਕ ਦੂਜੇ ਦੇ ਪੂਰਕ ਹੁੰਦੇ ਹਨ।

## 2.1.4 'ਪਰਿਵਾਰ' ਸਿੱਖਿਆ ਦੇ ਸਾਧਨ ਵਜੋਂ ਕੰਮ ਅਤੇ ਮਹੱਤਤਾ (Functions and Importance of Different Agencies)

ਘਰ ਜਾਂ ਪਰਿਵਾਰ ਕਲੇਅਰ ਦੇ ਕਥਨ, "ਪਰਿਵਾਰ ਤੋਂ ਭਾਵ ਉਸ ਰਿਸਤੇ ਤੋਂ ਹੈ ਜੋ ਮਾਤਾ-ਪਿਤਾ ਅਤੇ ਬੱਚਿਆਂ ਵਿੱਚ ਮੌਜੂਦ ਹੁੰਦਾ ਹੈ।"

ਪਰਿਵਾਰ ਸਮਾਜਿਕ ਜੀਵਨ ਦੀ ਮੁੱਢਲੀ ਇਕਾਈ ਹੈ। ਇਹ ਵਿਅਕਤੀਆਂ ਦਾ ਇਕ ਅਜਿਹਾ ਸਮੂਹ ਹੈ ਜਿਨ੍ਹਾਂ ਦਾ ਆਪਸੀ ਨੇੜੇ ਦਾ ਲਹੂ ਸਬੰਧ ਹੋਵੇ। ਵਰਗਸ ਅਤੇ ਲਾਕ ਅਨੁਸਾਰ, ''ਪਰਿਵਾਰ ਅਜਿਹੇ ਵਿਅਕਤੀਆਂ ਦਾ ਸਮੂਹ ਹੈ ਜੋ ਵਿਆਹ, ਖੂਨ ਜਾਂ ਅਪਣਾਏ ਗਏ ਰਿਸ਼ਤਿਆਂ ਵਿੱਚ ਬੰਨ੍ਹ ਕੇ ਘਰ ਦਾ ਨਿਰਮਾਣ ਕਰਦਾ ਹੈ।'' ਕਲੇਅਰ ਦੇ ਕਥਨ ਅਨੁਸਾਰ, ''ਪਰਿਵਾਰ ਦਾ ਮੁੱਖ ਕੰਮ ਸੰਤਾਨ ਉਤਪਤੀ ਅਤੇ ਉਸ ਦਾ ਪਾਲਣ ਪੋਸ਼ਣ ਹੁੰਦਾ ਹੈ ਪਰ ਇਹ ਬੱਚੇ ਦੀ ਸਿੱਖਿਆ ਵਿੱਚ ਮੁੱਢਲੀ ਪਾਠਸ਼ਾਲਾ ਦੇ ਤੌਰ ਤੇ ਉਸ ਦੀ ਸੋਚ ਵਿਚਾਰ ਅਤੇ ਆਦਤਾਂ ਉਪਰ ਅਮਿੱਟ ਪ੍ਰਭਾਵ ਪਾਉਂਦਾ ਹੈ। ਕੋਮੀਨਿਅਸ (Comenius) ਦੇ ਅਨੁਸਾਰ, ਮਾਤਾ ਦੀ ਗੋਦੀ ਅਤੇ ਗੋਡੇ ਹੀ ਬੱਚੇ ਦੇ ਪਹਿਲੇ 6 ਸਾਲਾਂ ਵਿੱਚ ਉਸ ਦਾ ਸਕੂਲ ਹਨ। ''ਰੂਸੋ ਦੇ ਵਿਚਾਰ ਵਿੱਚ ''ਮਾਤਾ ਇਕ ਅਸਲੀ ਪ੍ਰਿਤਪਾਲਿਕ ਹੈ ਅਤੇ ਪਿਤਾ ਇਕ ਅਸਲੀ ਅਧਿਆਪਕ ਹੈ।'' ਪੈਸਟਾਲੋਜੀ ਕਹਿੰਦਾ ਹੈ ਕਿ ਬੱਚੇ ਦਾ ਘਰ ਹੀ ਪਹਿਲਾ ਸਕੂਲ ਹੈ। ਇਸੇ ਤਰ੍ਹਾਂ ਹੀ ਫਰੋਇਬਲ'' ਦਾ ਵਿਚਾਰ ਹੈ ਕਿ ਮਾਵਾਂ ਆਦਰਸ਼ ਅਧਿਆਪਕਾਵਾਂ ਹੁੰਦੀਆਂ ਹਨ ਅਤੇ ਬੱਚੇ ਨੂੰ ਘਰ ਵਿੱਚ ਦਿੱਤੀ ਗਈ ਗ਼ੈਰ ਰਸਮੀ ਸਿੱਖਿਆ ਬੜੀ ਸੁਭਾਵਿਕ ਅਤੇ ਪ੍ਰਭਾਵਸ਼ਾਲੀ ਹੁੰਦੀ ਹੈ। ਭਾਰਤੀ ਵਿਚਾਰਧਾਰਾ ਵਿਚ ਮਾਤਾ ਨੂੰ ਬੱਚੇ ਦਾ ਪਹਿਲਾ ਗੁਰੂ ਜਾਂ ਅਧਿਆਪਕ ਮੰਨਿਆ ਗਿਆ ਹੈ।

ਘਰ ਜਾਂ ਪਰਿਵਾਰ ਬੱਚੇ ਨੂੰ ਹੇਠ ਲਿਖੀਆਂ ਸਿੱਖਿਆਵਾਂ ਦਿੰਦਾ ਹੈ :--

(1) **ਸਰੀਰਕ ਵਿਕਾਸ (Physical Development) :** ਜਨਮ ਸਮੇਂ ਤੋਂ ਹੀ ਬੱਚੇ ਨੂੰ ਚੰਗਾ ਭੋਜਨ, ਕਪੜੇ, ਆਰਾਮ, ਸਨੇਹ, ਕਸਰਤ ਦਾ ਪ੍ਰਬੰਧ ਪਰਿਵਾਰ ਹੀ ਕਰਦਾ ਹੈ ਇਨ੍ਹਾਂ ਹਾਲਤਾਂ ਵਿਚ ਬੱਚੇ ਦਾ ਸਰੀਰ ਤੰਦਰੁਸਤ ਹੁੰਦਾ ਹੈ।

(2) **ਬੌਧਿਕ ਵਿਕਾਸ :** ਆਰੰਭਕ ਆਦਤਾਂ, ਵਿਚਾਰ, ਭਾਸ਼ਾ ਦੀ ਸਿੱਖਿਆ ਬੱਚੇ ਨੂੰ ਪਰਿਵਾਰ ਵਿਚੋਂ ਪ੍ਰਾਪਤ ਹੁੰਦੀ ਹੈ ਅਤੇ ਉਸਦੇ ਮਾਨਸਿਕ ਵਿਕਾਸ ਦਾ ਮੁੱਖ ਬੰਨ੍ਹਦੀ ਹੈ। ਇਸ ਤਰ੍ਹਾਂ ਪਰਿਵਾਰ ਦਾ ਸੁਚੱਜਾ ਵਾਤਾਵਰਣ ਬੌਧਿਕ ਵਿਕਾਸ ਵਿਚ ਸਹਾਇਤਾ ਕਰਦਾ ਹੈ।

(3) **ਆਚਰਣ ਸੰਬਧੀ ਵਿਕਾਸ :** ਪਰਿਵਾਰ ਚਰਿੱਤਰ ਦੀ ਨੀਂਹ ਰਖਦਾ ਹੈ। ਬੱਚੇ ਦੇ ਸਾਰੇ ਨੈਤਿਕ ਗੁਣਾਂ ਜਿਵੇਂ ਕਿ ਪਿਆਰ, ਹਮਦਰਦੀ, ਈਮਾਨਦਾਰੀ, ਸਚਾਈ, ਮਿਹਨਤ ਆਦਿ ਦੀ ਆਦਤ ਉਸ ਨੂੰ ਪਰਿਵਾਰ ਹੀ ਸਿਖਾਉਂਦਾ ਹੈ।

(4) **ਭਾਵਾਤਮਿਕ ਵਿਕਾਸ :** ਮਾਤਾ ਪਿਤਾ ਤੋਂ ਪਿਆਰ ਲੈ ਕੇ ਬੱਚਾ ਸੁਰੱਖਿਅਤ ਮਹਿਸੂਸ ਕਰਦਾ ਹੈ ਅਤੇ ਉਸ ਵਿਚ ਚੰਗੀਆਂ ਰੁਚੀਆਂ ਪੈਦਾ ਅਤੇ ਪ੍ਰਫੁਲਿਤ ਹੁੰਦੀਆਂ ਹਨ।

(5) **ਸਭਿਆਚਾਰਕ ਵਿਕਾਸ :** ਬੱਚਿਆ ਦਾ ਸਮਾਜੀਕਰਣ ਸਭ ਤੋਂ ਪਹਿਲਾਂ ਪਰਿਵਾਰ ਵਿਚੋਂ ਹੁੰਦਾ ਹੈ। ਜਿਥੇ ਉਹ ਰੀਤੀ ਰਿਵਾਜਾਂ, ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਤੋਂ ਜਾਣੂ ਹੁੰਦੇ ਹਨ। ਇਸ ਤਰ੍ਹਾਂ ਪਰਿਵਾਰ ਰਾਹੀਂ ਨਵੀਂ ਪੀੜ੍ਹੀ ਨੂੰ ਵਿਰਸਾ ਸੌਂਪਿਆ ਜਾਂਦਾ ਹੈ ਅਤੇ ਸਮਾਜਕ ਜੀਵਨ ਵਿਚ ਨਿਰੰਤਰਤਾ ਕਾਇਮ ਕੀਤੀ ਜਾਂਦੀ ਹੈ।

(6) **ਸਮਾਜਿਕ ਵਿਕਾਸ :** ਪਰਿਵਾਰ ਵਿਚ ਸਾਰੇ ਮੈਂਬਰਾਂ ਵਿੱਚ ਪਿਆਰ, ਹਮਦਰਦੀ, ਸਦਭਾਵਨਾ ਅਤੇ ਸਹਿਕਾਰਤਾ ਹੁੰਦੀ ਹੈ। ਬੱਚੇ ਆਪਣੇ ਵਡੇਰਿਆਂ ਨੂੰ ਦੇਖ ਕੇ ਇਹ ਸਭ ਚੀਜ਼ਾਂ ਸੁਭਾਵਿਕ ਹੀ ਗ੍ਰਹਿਣ ਕਰ ਲੈਂਦਾ ਹੈ ਅਤੇ ਇਸ ਤਰ੍ਹਾਂ ਸਮਾਜ ਦਾ ਇਕ ਲਾਹੇਵੰਦ

ਅੰਗ ਬਣਦਾ ਹੈ। ਜੋ ਸਵਾਰਥ ਛੱਡ ਕੇ ਸਮਾਜ ਕਲਿਆਣ ਨੂੰ ਮੁੱਖ ਰਖਦਾ ਹੈ ਅਤੇ ਸਮਾਜਿਕ ਜੀਵਨ ਵਿਚ ਖੁਸ਼ਹਾਲੀ ਅਤੇ ਸੰਤੁਸ਼ਟਤਾ ਲਿਆਉਂਦਾ ਹੈ।

(7) **ਧਾਰਮਿਕ ਅਤੇ ਅਧਿਆਤਮਕ ਵਿਕਾਸ :** ਪਰਮਾਤਮਾ ਦੀ ਹੋਂਦ ਦਾ ਗਿਆਨ, ਉਸ ਵਿਚ ਵਿਸ਼ਵਾਸ, ਉਸ ਦਾ ਸਿਮਰਨ ਅਤੇ ਹੋਰ ਰੋਜ਼ਾਨਾ ਪੂਜਾ-ਪਾਠ ਆਦਿ ਦਾ ਪਰਿਵਾਰ ਵਿਚੋਂ ਹੀ ਬੱਚਾ ਸਿੱਖਦਾ ਹੈ। ਇਸ ਤਰ੍ਹਾਂ ਉਹ ਸੱਚਾ, ਇਮਾਨਦਾਰ, ਨੈਤਿਕ ਦਲੇਰ ਅਤੇ ਧਰਮੀ ਬਣਦਾ ਹੈ ਅਤੇ ਆਪਣੇ ਅੰਦਰ ਨੈਤਿਕਤਾ ਦਾ ਪ੍ਰਾਰੰਭ ਅਤੇ ਵਿਕਾਸ ਕਰਦਾ ਹੈ।

(8) **ਆਰਥਿਕ ਕਾਰਜ :** ਅਵਿਕਸਿਤ ਸਮਾਜ ਵਿੱਚ ਵੱਡਿਆਂ ਤੋਂ ਪਿਤਾ-ਪੁਰਖੀ ਕਿੱਤਾ ਸਿੱਖ ਕੇ ਬੱਚੇ ਰੋਜ਼ੀ ਰੋਟੀ ਕਮਾਉਣ ਦੇ ਯੋਗ ਹੁੰਦੇ ਹਨ। ਵਿਕਾਸਸ਼ੀਲ ਅਤੇ ਵਿਕਸਿਤ ਸਮਾਜ ਵਿਚ ਕਿੱਤੇ ਦੀ ਸਿੱਖਿਆ ਦਾ ਪ੍ਰਬੰਧ ਮਾਤਾ-ਪਿਤਾ ਰਾਹੀਂ ਕੀਤਾ ਜਾਂਦਾ ਹੈ, ਜਿਸ ਨਾਲ ਬੱਚੇ ਵੱਡੇ ਹੋ ਕੇ ਕੰਮ ਕਰਕੇ ਰੋਜ਼ੀ ਕਮਾ ਕੇ ਆਪਣੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਦੇ ਯੋਗ ਹੋ ਜਾਂਦੇ ਹਨ। ਪਰਿਵਾਰ ਦੇ ਮੈਂਬਰਾਂ ਵਿੱਚ ਕੰਮ ਦੀ ਵੰਡ ਹੀ ਆਰਥਿਕ ਲੋੜਾਂ ਨੂੰ ਪੂਰਾ ਕਰਨ ਲਈ ਸਹਾਇਤਾ ਕਰਦੀ ਹੈ।

(9) **ਨਾਗਰਿਕ ਕਾਰਜ :** ਅਜੋਕੇ ਸਮਾਜ ਵਿਚ ਜਿਥੇ ਵਸੋਂ ਦੇ ਵਾਧੇ ਕਾਰਨ ਸਾਧਨਾਂ ਤੇ ਬਹੁਤ ਦਬਾਓ ਹੈ। ਨਾਗਰਿਕ ਗੁਣਾਂ ਤੋਂ ਬਿਨਾਂ ਸਮਾਜਕ ਜੀਵਨ ਨੂੰ ਖੁਸ਼ਹਾਲ ਨਹੀਂ ਬਣਾਇਆ ਜਾ ਸਕਦਾ।ਇਹ ਨਾਗਰਿਕ ਗੁਣ-ਸਹਿਨਸੀਲਤਾ, ਹਮਦਰਦੀ, ਪਿਆਰ, ਸਹਿਯੋਗ, ਅਨੁਸ਼ਾਸਨ ਆਦਿ ਬੱਚਾ ਪਰਿਵਾਰ ਵਿਚੋਂ ਹੀ ਸਿੱਖਦਾ ਹੈ।

(10) **ਵਿਅਕਤੀਤਵ ਵਿਕਾਸ :** ਪਰਿਵਾਰ ਬੱਚੇ ਦਾ ਵੱਖ ਵੱਖ ਪਹਿਲੂਆਂ ਤੋਂ ਵਿਕਾਸ ਕਰਕੇ ਜਿਵੇਂ ਕਿ ਸਰੀਰਕ, ਬੌਧਿਕ, ਸਭਿਆਚਾਰਕ, ਨੈਤਿਕ, ਆਰਥਿਕ, ਅਧਿਆਤਮਕ ਭਾਵ ਉਸ ਦਾ ਸਮੁੱਚਾ ਵਿਕਾਸ ਕਰਦਾ ਹੈ। ਜਿਸ ਨਾਲ ਬੱਚੇ ਦੇ ਵਿਅਕਤੀਤਵ ਦਾ ਵਿਕਾਸ ਹੁੰਦਾ ਹੈ।

ਪਰਿਵਾਰ ਦੇ ਉਪਰੋਕਤ ਵਰਣਨ ਕਾਰਜਾਂ ਤੋਂ ਅਸੀਂ ਫਰੈਂਕ (Frank) ਦੁਆਰਾ ਪ੍ਰਗਟਾਏ ਗਏ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ, ''ਬੱਚੇ ਲਈ ਪਰਿਵਾਰ ਦੇ ਰਿਸ਼ਤੇ ਨੂੰ ਸਮਾਜ ਰਾਹੀਂ ਮਾਨਤਾ ਪ੍ਰਾਪਤੀ ਬੱਚੇ ਦੀ ਪਾਲਣਾ ਅਤੇ ਸਮਾਜੀਕਰਣ ਦਾ ਕੇਵਲ ਇਹ ਹੀ ਜ਼ਰੂਰੀ ਸਾਧਨ ਹੈ। ਇਸੇ ਰਾਹੀਂ ਹੀ ਬੱਚੇ ਨੂੰ ਸਮਾਜ ਤੇ ਸਭਿਆਚਾਰ ਦੀ ਜਾਣ ਪਛਾਣ ਹੁੰਦੀ ਹੈ, ਸਾਡੀ ਸਭਿਅਤਾ ਦੇ ਆਚਰਣਕ ਢਾਂਚੇ ਦਾ ਨਿਰਮਾਣ ਹੁੰਦਾ ਹੈ ਅਤੇ ਬੱਚੇ ਦੇ ਵਿਅਕਤੀਤਵ ਦਾ ਵਿਕਾਸ ਹੁੰਦਾ ਹੈ। ਉਟਾਵੇ ਦਾ ਕਥਨ ਹੈ ਕਿ ''ਸਕੂਲ ਇਕ ਅਜਿਹੀ ਸਮਾਜਿਕ ਕਾਠ ਹੈ ਜੋ ਬੱਚਿਆਂ ਦੀ ਉਚਿਤ ਸਿੱਖਿਆ ਰਾਹੀਂ ਸਮਾਜ ਦੀ ਸੇਵਾ ਕਰਦਾ ਹੈ।''

## 2.1.5 'ਪਾਠਸ਼ਾਲਾ ਜਾਂ ਸਕੂਲ' ਦਾ ਕੰਮ ਅਤੇ ਮਹੱਤਤਾ

ਅੰਗਰੇਜ਼ੀ ਭਾਸ਼ਾ ਦਾ ਸ਼ਬਦ ਸਕੂਲ ਯੂਨਾਨੀ 'ਸਖੋਲ (Skhole)' ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਅਵਕਾਸ (Leisure)। ਪੁਰਾਤਨ ਯੂਨਾਨ ਵਿਚ ਕੇਵਲ ਸਮਾਜ ਦੇ ਕੁਲੀਨ ਵਰਗ ਦੇ ਲੋਕ ਉਦਾਰ ਸਿੱਖਿਆ ਪ੍ਰਾਪਤ ਕਰਦੇ ਸਨ। ਕਿਉਂਕਿ ਕੇਵਲ ਉਨ੍ਹਾਂ ਨੂੰ ਹੀ ਇਹ ਅਧਿਕਾਰ ਪ੍ਰਾਪਤ ਸੀ ਅਤੇ ਉਨ੍ਹਾਂ ਕੋਲ ਹੀ ਕੰਮ ਲਈ ਵਿਹਲ ਜਾਂ ਅਵਕਾਸ਼ ਹੁੰਦਾ ਸੀ ਪਰ ਸਮਾਜਿਕ ਵਿਕਾਸ ਦੇ ਨਾਲ ਨਾਲ ਹੁਣ ਅਸੀਂ

ਅਜਿਹੀ ਅਵਸਥਾ ਵਿੱਚ ਪਹੁੰਚ ਚੁੱਕੇ ਹਾਂ ਜਦੋਂ ਆਬਾਦੀ ਦੇ ਇੱਕ ਵੱਡੇ ਹਿੱਸੇ ਨੂੰ ਸਿੱਖਿਆ ਦਾ ਅਧਿਕਾਰ ਪ੍ਰਾਪਤ ਹੈ ਅਤੇ ਬਹੁਤੇ ਦੇਸ਼ਾਂ ਵਿਚ ਮੁੱਢਲੀ ਸਿੱਖਿਆ ਮੁਫਤ ਹੈ ਅਤੇ ਜਿਥੇ ਨਹੀਂ ਵੀ ਹੈ ਉਥੇ ਹਰ ਪੱਖੋਂ ਆਮ ਲੋਕਾਂ ਦੀ ਪਹੁੰਚ ਵਿੱਚ ਹੈ। ਸਕੂਲ ਸਿੱਖਿਆ ਦਾ ਇਕ ਰਸਮੀ ਅਤੇ ਕਿਰਿਆਸ਼ੀਲ ਸਾਧਨ ਹੈ। ਜੋ ਨਿਸ਼ਚਿਤ ਵਿਧੀ ਅਨੁਸਾਰ ਨਿਸ਼ਚਿਤ ਉਦੇਸ਼ਾਂ ਦੀ ਪ੍ਰਾਪਤੀ ਲਈ ਸਿੱਖਿਆ ਦਿੰਦਾ ਹੈ।

ਸਕੂਲ ਕੁਝ ਸਦੀਆਂ ਪਹਿਲਾਂ ਹੀ ਹੋਂਦ ਵਿੱਚ ਆਇਆ ਹੈ ਉਸ ਤੋਂ ਪਹਿਲਾਂ ਬੱਚਿਆਂ ਦੀ ਸਿੱਖਿਆ ਦਾ ਮੁੱਖ ਸਾਧਨ ਪਰਿਵਾਰ ਅਤੇ ਧਾਰਮਿਕ ਸੰਸਥਾਵਾਂ ਸਨ। ਮੁੱਢਲੀ ਸਿੱਖਿਆ ਅਤੇ ਸਮਾਜੀਕਰਣ ਪਰਿਵਾਰ ਹੁੰਦਾ ਸੀ। ਬਾਅਦ ਵਿੱਚ ਇਹ ਕੰਮ ਧਾਰਮਿਕ ਸਥਾਨ, ਮੰਦਰ, ਮਸਜਿਦ, ਗਿਰਜੇ, ਗੁਰਦੁਆਰੇ ਆਦਿ ਕਰਦੇ ਸਨ। ਸਮਾਜਿਕ ਨਵੀਨੀਕਰਣ ਦੇ ਨਾਲ ਨਾਲ ਗਿਆਨ ਵਿੱਚ ਕਈ ਗੁਣਾਂ ਵਾਧਾ ਹੋਇਆ ਅਤੇ ਸਿੱਖਿਆ ਦੇਣ ਦੇ ਯੋਗ ਹੋਏ ਜਿਨ੍ਹਾਂ ਨੂੰ ਖੁਦ ਬਹੁਤ ਗਿਆਨ ਹਾਸਲ ਸੀ ਅਤੇ ਜੋ ਸਿੱਖਿਆ ਦੇਣ ਦੇ ਸਾਧਨਾਂ ਦੀ ਜਾਣਕਾਰੀ ਰੱਖਦੇ ਸਨ ਇਸ ਤਰ੍ਹਾਂ ਸਿੱਖਿਆ ਦੇਣ ਦਾ ਕੰਮ ਉਨ੍ਹਾਂ ਲੋਕਾਂ ਦੇ ਹੱਥ ਵਿੱਚ ਆ ਜਾਂਦਾ ਸੀ ਜੋ ਟਰੇਂਡ ਅਧਿਆਪਕ ਸਨ। ਇਸ ਤਰ੍ਹਾਂ ਸਿੱਖਿਆ ਦੇਣ ਦੀ ਜਿੰਮੇਵਾਰੀ ਸਕੂਲਾਂ ਦੀ ਹੋ ਗਈ। ਸਕੂਲਾਂ ਦੀ ਭੂਮਿਕਾ ਵਿੱਚ ਵਾਧੇ ਦਾ ਕਾਰਨ, ਵਸੋਂ ਦਾ ਵਾਧਾ, ਉਦਯੋਗੀਕਰਣ ਅਤੇ ਗੁੰਝਲਦਾਰ ਜੀਵਨ ਵੀ ਬਣਿਆ, ਜਿਸ ਵਿਚ ਮਾਪਿਆਂ ਕੋਲ ਬੱਚਿਆਂ ਨੂੰ ਸਿੱਖਿਆ ਦੇਣ ਦਾ ਸਮਾਂ ਨਹੀਂ ਮਿਲਦਾ। ਲਿਖਤ ਅਤੇ ਗਣਿਤ ਦੇ ਵਿਕਾਸ ਦੇ ਨਾਲ ਸਕੂਲਾਂ ਦਾ ਸੰਗਠਨ ਵਧੇਰੇ ਹੋਣ ਲੱਗ ਪਿਆ ਅਤੇ ਜਿਉਂ ਜਿਉਂ ਗਿਆਨ ਦਾ ਵਿਕਾਸ ਹੁੰਦਾ ਜਾ ਰਿਹਾ ਹੈ, ਤਿਉਂ-ਤਿਉਂ ਸਕੂਲਾਂ ਦਾ ਸੰਗਠਨ ਵੀ ਗੁੰਝਲਦਾਰ ਬਣਦਾ ਜਾਂਦਾ ਹੈ।

ਜੋਨ ਡਿਊਈ ਦੇ ਸ਼ਬਦਾਂ ਵਿੱਚ, 'ਸਕੂਲ ਦੇ ਖਾਸ ਵਾਤਾਵਰਣ ਦਾ ਅਰਥ ਹੈ ਜਿਥੇ ਬੱਚੇ ਦਾ ਲੋੜੀਂਦਾ ਵਿਕਾਸ ਕਰਨ ਲਈ ਉਸ ਨੂੰ ਨਿਸ਼ਚਿਤ ਜੀਵਨ ਅਤੇ ਨਿਸ਼ਚਿਤ ਕਿਸਮ ਦੀਆਂ ਕ੍ਰਿਆਵਾਂ ਅਤੇ ਕਿੱਤੇ ਪ੍ਰਦਾਨ ਕੀਤੇ ਜਾਂਦੇ ਹਨ।' ਉਟਾਵੇ ਦੇ ਵਿਚਾਰ ਵਿਚ ਸਕੂਲ ਇਕ ਅਜਿਹੀ ਸਮਾਜਿਕ ਕਾਢ ਹੈ ਜੋ ਬੱਚਿਆਂ ਦੀ ਉਚਿਤ ਸਿੱਖਿਆ ਰਾਹੀਂ ਸਮਾਜ ਦੀ ਸੇਵਾ ਕਰਦਾ ਹੈ। ਸੈਨ ਕਹਿੰਦਾ ਹੈ ਕਿ ਸਕੂਲ ਨੂੰ ਮੁੱਢਲੇ ਰੂਪ ਵਿਚ ਅਜਿਹਾ ਅਸਥਾਨ ਸਮਝਣਾ ਚਾਹੀਦਾ ਹੈ ਜਿਥੇ ਬਚਿੱਆਂ ਨੂੰ ਉਨ੍ਹਾਂ ਕਿਰਿਆਵਾਂ ਵਿਚ ਅਨੁਸ਼ਾਸਿਤ ਕੀਤਾ ਜਾਂਦਾ ਹੈ। ਜਿਨ੍ਹਾਂ ਦਾ ਵਿਆਪਕ ਸੰਸਾਰ ਵਿਚ ਸਥਾਈ ਅਤੇ ਖਾਸ ਮਹੱਤਵ ਹੈ। ਆਮ ਲੋਕਾਂ ਵਿਚ ਇੱਕ ਮੁੱਖ ਅਧਿਆਪਕ ਅਤੇ ਕੁਝ ਅਧਿਆਪਕਾਂ ਵਾਲੀ ਇਕ ਇਮਾਰਤ ਇਕ ਸਕੂਲ ਹੈ ਪਰ ਪੜ੍ਹੇ ਲਿਖੇ ਲੋਕਾਂ ਲਈ ਇਹ ਵਿਅਕਤੀਆਂ ਦੀ ਆਪਸੀ ਕ੍ਰਿਆ-ਅਨੁਕ੍ਰਿਆ ਦੀ ਇਕਾਈ ਹੈ। ਸਕੂਲ ਦੇ ਕੁਝ ਬੁਨਿਆਦੀ ਕੰਮ ਹੁੰਦੇ ਹਨ ਜੋ ਉਸ ਨੂੰ ਸਮਾਜ ਰਾਹੀਂ ਸੌਂਪੇ ਜਾਂਦੇ ਹਨ।

## ਸਕੂਲ ਦੇ ਕਾਰਜ (Functions of the School)

### 1. ਵਿਅਕਤੀ ਦਾ ਸਰਵ-ਪੱਖੀ ਵਿਕਾਸ (All round Development of the Individual)

ਸਕੂਲ ਵਿਅਕਤੀ ਦੇ ਜੀਵਨ ਦੇ ਸਾਰੇ ਪਹਿਲੂਆਂ-ਸਰੀਰਕ, ਭਾਵਾਤਮਿਕ, ਬੌਧਿਕ, ਸਮਾਜਿਕ, ਨੈਤਿਕ ਅਧਿਆਤਮਿਕ ਆਦਿ ਦੇ ਵਿਕਾਸ ਲਈ ਕਾਇਮ ਕੀਤੇ ਜਾਂਦੇ ਹਨ। ਸਕੂਲ ਵਿੱਚ ਸਰਬ-ਪੱਖੀ ਵਿਕਾਸ ਪਾਠ ਕ੍ਰਿਆ ਤੋਂ ਬਿਨਾਂ ਵਿਚਾਰ ਵਟਾਂਦਰਾ, ਵਾਦ-ਵਿਵਾਦ, ਯਾਤਰਾਵਾਂ, ਸੈਰਾਂ, ਨੁਮਾਇਸ਼ਾਂ, ਸਭਿਆਚਾਰਕ ਅਤੇ ਸਾਹਿਤਕ ਗੋਸ਼ਟੀਆਂ, ਖੇਡਾਂ ਰਾਹੀਂ ਕਰਦਾ ਹੈ।

## 2. ਸਭਿਆਚਾਰ ਦੀ ਸੰਭਾਲ ਅਤੇ ਪ੍ਰਫੁੱਲਤਾ (Preservation and Enrichment of Culture)

ਸਕੂਲ ਵਿਦਿਆ ਵਿੱਚ ਸਭਿਆਚਾਰਕ ਮੁੱਲਾ ਦਾ ਸੰਚਾਰ ਕਰਦਾ ਹੈ ਅਤੇ ਅੱਜ ਦੀਆਂ ਪ੍ਰਕਿਰਿਆਵਾਂ ਅਤੇ ਗਤੀਵਿਧੀਆਂ ਦੇ ਸਿੱਟੇ ਵਜੋਂ ਇਸ ਨੂੰ ਪ੍ਰਫੁੱਲਤ ਕਰਦਾ ਹੈ ਅਤੇ ਸਭਿਆਚਾਰ ਨੂੰ ਸਦੀਵੀ ਬਣਾਉਣ ਦਾ ਉਪਰਾਲਾ ਕਰਦਾ ਹੈ।

## 3. ਸਮਾਜਿਕ ਵਿਕਾਸ ਵਿਚ ਰੋਲ (Role in Social Development)

ਸਕੂਲ ਨਵੀਂ ਪੀੜ੍ਹੀ ਨੂੰ ਸਿੱਖਿਆ ਦੇ ਕੇ ਸਮਾਜ ਦਾ ਕਿਰਿਆਤਮਿਕ ਅੰਗ ਬਣਾਉਂਦਾ ਹੈ ਜਿਸ ਦੇ ਯੋਗਦਾਨ ਨਾਲ ਸਮਾਜ ਵਿਚ ਵਿਕਾਸ ਹੁੰਦਾ ਹੈ ਅਤੇ ਸਮਾਜਿਕ ਜੀਵਨ ਸ਼ਾਂਤਮਈ ਅਤੇ ਖੁਸ਼ਹਾਲ ਬਣਦਾ ਹੈ।

## 4. ਵਿਦਿਆਰਥੀ ਜੀਵਨ ਉਪਰੰਤ ਸਮਾਯੋਜਨ (Post-Student Life Adjustment)

ਇਹ ਸਕੂਲ ਦੀ ਪ੍ਰਮੁੱਖ ਜਿੰਮੇਵਾਰੀ ਹੈ। ਸਕੂਲ ਨੂੰ ਯੋਗ, ਬੁੱਧੀਮਾਨ, ਸੰਤੁਲਿਤ ਅਤੇ ਪੇਸ਼ਾਵਾਰੀ ਸਿੱਖਿਅਤ ਅਤੇ ਨਿਪੁੰਨ ਵਿਅਕਤੀ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਉਹ ਸਮਾਜ ਵਿਚ ਅਨੁਕੂਲਤਾ ਪ੍ਰਾਪਤ ਕਰਕੇ ਆਪਣਾ ਅਤੇ ਸਮਾਜ ਦਾ ਕਲਿਆਣ ਕਰ ਸਕਣ।

## 5. ਕਿੱਤੇ ਦੀ ਸਿੱਖਿਆ ਦੇਣਾ (Imparting Vocational Training) :

ਜਾਨ ਡਿਊਈ ਦੇ ਸ਼ਬਦਾਂ ਵਿੱਚ, ਜੀਵਨ ਦਾ ਨਿਰਮਾਣ ਕਰਨ ਵਾਲੇ ਕਿੱਤਿਆਂ ਨੂੰ ਵਿਧੀ ਪੂਰਵਕ ਸਿੱਖਣ ਲਈ ਅਸੀਂ ਬੱਚਿਆਂ ਨੂੰ ਸਕੂਲ ਭੇਜਦੇ ਹਾਂ। ਅਜਿਹੀ ਸਿੱਖਿਆ ਦੇਣਾ ਸਕੂਲ ਦਾ ਇਕ ਮਹੱਤਵਪੂਰਨ ਕੰਮ ਹੈ। ਸਕੂਲ ਨੂੰ ਇਹ ਕੰਮ ਸਮਾਜ ਦੀਆਂ ਲੋੜਾਂ, ਵਿਅਕਤੀਆਂ ਦੀ ਯੋਗਤਾ ਅਤੇ ਰੁਚੀ ਅਨੁਸਾਰ ਕਰਨੇ ਚਾਹੀਦੇ ਹਨ। ਕਿੱਤੇ ਦੀ ਚੋਣ ਕਰਕੇ ਅਤੇ ਉਸ ਨਾਲ ਸਬੰਧਿਤ ਸਿੱਖਿਆ ਦੇ ਕੇ ਵਿਅਕਤੀ ਦੀ ਅਨੁਕੂਲਤਾ ਵਿਚ ਸਹਾਈ ਹੋਣਾ ਚਾਹੀਦਾ ਹੈ।

## 6. ਰਾਸ਼ਟਰੀ ਏਕਤਾ ਦਾ ਵਿਕਾਸ (Development in National Training)

ਵੱਧ ਰਹੀ ਵਸੋਂ ਅਤੇ ਸਾਧਨਾਂ ਦੀ ਘਾਟ ਕਾਰਨ ਅਜੋਕਾ ਸਮਾਜ, ਜਾਤ-ਪਾਤ, ਭਾਸ਼ਾ, ਫਿਰਕਾ ਅਤੇ ਪ੍ਰਾਂਤਵਾਦ ਦੇ ਆਧਾਰ ਤੇ ਟੁੱਟ ਰਿਹਾ ਹੈ ਅਤੇ ਏਕਤਾ ਖ਼ਤਮ ਹੋ ਰਹੀ ਹੈ। ਸਕੂਲ ਵਿਦਿਆਰਥੀਆਂ ਵਿੱਚ ਚੰਗੇ ਗੁਣਾਂ ਦੇ ਵਿਕਾਸ ਰਾਹੀਂ ਵਿਅਕਤੀਆਂ ਦੀ ਤੰਗ ਸੋਚਣੀ ਬਦਲ ਕੇ ਰਾਸ਼ਟਰੀ ਏਕਤਾ ਵਿੱਚ ਵਾਧਾ ਕਰ ਸਕਦਾ ਹੈ।

## 7. ਅੰਤਰ-ਰਾਸ਼ਟਰੀ ਵਿਕਾਸ (Development of Internationalism)

ਸਕੂਲ, ਰਾਸ਼ਟਰੀ ਏਕਤਾ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਅੰਤਰ-ਰਾਸ਼ਟਰਵਾਦ ਦਾ ਵਿਕਾਸ ਕਰ ਸਕਦਾ ਹੇ। ਉਨ੍ਹਾਂ ਅੰਦਰ ਮਨੁੱਖਤਾ, ਭਾਈਚਾਰੇ, ਸ਼ਾਂਤਮਈ ਸਹਿਯੋਗ ਅਤੇ ਆਪਸੀ ਝਗੜਿਆਂ ਨੂੰ ਗੱਲ-ਬਾਤ ਰਾਹੀਂ ਨਿਪਟਾਉਣਾ ਸਿਖਾ ਕੇ ਇਨ੍ਹਾਂ ਭਾਵਨਾਵਾਂ ਦੁਆਰਾ ਗੁੱਟ-ਬੰਦੀ, ਹਥਿਆਰ ਦੇਣ, ਅਸ਼ਾਂਤ ਯੁੱਧ ਅਤੇ ਅਵਿਕਸਤ ਦੇਸ਼ਾਂ ਦੀ ਵਿਕਾਸਸ਼ੀਲ ਦੇਸ਼ਾਂ ਵਲੋਂ ਲੁੱਟ ਨੂੰ ਰੋਕ ਜਾਂ ਘਟਾ ਸਕਦਾ ਹੈ।

### 8. ਅਗਵਾਈ ਸਿੱਖਿਆ (Leadership Training)

ਅਗਵਾਈ ਤੋਂ ਬਿਨਾ ਮਨੁੱਖ-ਸਮੂਹ ਕਿਰਿਆਤਮਿਕ ਸਿੱਧ ਹੋ ਸਕਦਾ ਹੈ। ਸਕੂਲ ਵਿਦਿਆਰਥੀਆਂ ਨੂੰ ਵਿਸ਼ੇਸ਼ ਸਿੱਖਿਆ ਦੇ ਕੇ ਸਮਾਜ ਨੂੰ ਅਗਵਾਈ ਦੇਣ ਦੇ ਯੋਗ ਬਣਾ ਸਕਦਾ ਹੈ ਤਾਂ ਕਿ ਸਿੱਖਿਆ ਪਿਛੋਂ ਉਹ ਸਮਾਜਿਕ, ਆਰਥਿਕ, ਉਦਯੋਗਿਕ, ਸਭਿਆਚਾਰਕ, ਕਲਾਤਮਿਕ ਅਤੇ ਹੋਰ ਵੱਖ ਵੱਖ ਖੇਤਰਾਂ ਵਿਚ ਮਹੱਤਵਪੂਰਨ ਯੋਗਦਾਨ ਦੇ ਸਕਣ ਅਤੇ ਫਜ਼ੂਲ ਜਾ ਰਹੀ ਸਮਾਜਿਕ ਸ਼ਕਤੀ ਦੀ ਘੇਰਾਬੰਦੀ ਕਰਕੇ ਉਸ ਨੂੰ ਉਪਯੋਗੀ ਬਣਾ ਸਕਣ।

### 9. ਮਾਤਾ-ਪਿਤਾ ਦਾ ਸਹਿਯੋਗ (Co-operation of Parents)

ਘਰਾਂ ਤੋਂ ਪੜ੍ਹਨ ਆਉਣ ਵਾਲੇ ਬੱਚਿਆਂ ਦੀ ਸਿੱਖਿਆ ਉਦੋਂ ਤੱਕ ਅਧੂਰੀ ਰਹਿੰਦੀ ਹੈ ਜਦੋਂ ਤਕ ਉਨ੍ਹਾਂ ਦੇ ਮਾਤਾ-ਪਿਤਾ ਦਾ ਸਹਿਯੋਗ ਠੀਕ ਢੰਗ ਨਾਲ ਪ੍ਰਾਪਤ ਨਾ ਹੋਵੇ ਉਹ ਤਦ ਹੀ ਪ੍ਰਾਪਤ ਹੋ ਸਕਦਾ ਹੈ ਜੇ ਮਾਤਾ ਪਿਤਾ ਇਸ ਬਾਰੇ ਸੂਝਵਾਨ ਹੋਣ। ਸਕੂਲ ਮਾਪਿਆਂ ਨਾਲ ਮੇਲ ਮਿਲਾਪ ਰਾਹੀਂ ਉਨ੍ਹਾਂ ਵਿਚ ਅਜਿਹੀ ਸੂਝ ਪੈਦਾ ਕਰ ਸਕਦਾ ਹੈ ਅਤੇ ਸੂਝਵਾਦ ਮਾਪਿਆਂ ਦੀਆਂ ਅਧਿਆਪਕਾ ਨਾਲ ਸਮੇਂ ਤੇ ਮਿਲਣੀਆਂ ਕਰਵਾ ਕੇ ਉਨ੍ਹਾਂ ਨਾਲ ਤਾਲ-ਮੇਲ ਪੈਦਾ ਕਰਕੇ ਸਿੱਖਿਆ ਨੂੰ ਵਧੇਰੇ ਪ੍ਰਭਾਵਸ਼ੀਲ ਅਤੇ ਗਤੀਸ਼ੀਲ ਬਣਾ ਸਕਦਾ ਹੈ।

## 2.1.6 'ਸਮਾਜ' ਸਿੱਖਿਆ ਦੇ ਸਾਧਨ ਵਜੋਂ ਕੰਮ ਅਤੇ ਮਹੱਤਤਾ

ਸਿੱਖਿਆ ਸਾਧਨ ਦੇ ਰੂਪ ਵਿਚ ਸਮਾਜ ਦਾ ਇਕ ਮਹੱਤਵਪੂਰਣ ਸਥਾਨ ਹੈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਵਿਅਕਤੀ ਦਾ ਜਨਮ ਸਮਾਜ ਵਿਚ ਹੁੰਦਾ ਹੈ ਅਤੇ ਸਮਾਜ ਹੀ ਉਸ ਨੂੰ ਸੰਸਾਰ ਤੋਂ ਆਖਰੀ ਵਿਦਾਈ ਦਿੰਦਾ ਹੈ। ਬੱਚਾ ਪਰਿਵਾਰ ਵਿਚ ਆਉਂਦਾ ਹੈ ਜੋ ਸਮਾਜ ਦੀ ਇਕ ਮੁੱਢਲੀ ਵਿਕਾਈ ਹੈ ਅਤੇ ਸਾਰੀ ਜ਼ਿੰਦਗੀ ਸਮਾਜ ਨਾਲ ਜੁੜਿਆ ਰਹਿੰਦਾ ਹੇ। ਸਮਾਜ ਦੀ ਮਹੱਤਤਾ ਅਤੇ ਕੰਮਾਂ ਦੀ ਗੱਲ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਸਮਾਜ ਦੇ ਅਰਥਾਂ ਨੂੰ ਸਪੱਸ਼ਟ ਕਰੀਏ।

ਰੈਕਾਈਵਰ ਅਤੇ ਪੇਜ ਦੇ ਸ਼ਬਦਾਂ ਵਿੱਚ, ''ਸਮਾਜ ਸਮਾਜਿਕ ਰਿਸ਼ਤਿਆਂ ਦਾ ਇਕ ਜਾਲ ਹੈ ਅਤੇ ਇਹ ਹਮੇਸ਼ਾਂ ਬਦਲਦਾ ਰਹਿੰਦਾ ਹੈ।''ਲੈਪਾਇਰੀ ਆਪਣੀ ਪਰਿਭਾਸ਼ਾ ਵਿਚ ਕਹਿੰਦਾ ਹੇ ਕਿ, ''ਸਮਾਜ ਦਾ ਸਬੰਧ ਕੇਵਲ ਲੋਕਾਂ ਦੇ ਸਮੂਹ ਦੇ ਨਾਲ ਹੀ ਨਹੀਂ ਸਗੋਂ ਉਨ੍ਹਾਂ ਦੇ ਵਿਚਾਲੇ ਹੋਣ ਵਾਲੇ ਮੇਲ-ਮਿਲਾਪ ਦੇ ਗੁੰਝਲਦਾਰ ਢਾਂਚੇ ਦੇ ਨਾਲ ਹੈ।'' ਟੈਲਕਾਟ ਪਾਰਸਨਜ਼ ਦੀ ਸੋਚ ਅਨੁਸਾਰ, 'ਸਮਾਜ ਮਾਨਵੀ ਸਬੰਧਾਂ ਦਾ ਉਹ ਪੂਰਣ ਢਾਂਚਾ ਹੈ ਜੋ ਵਾਸਤਵਿਕ ਜਾਂ ਪ੍ਰਤੀਕਾਰਕ ਸਾਧਨਾਂ ਜਾਂ ਸਬੰਧਾਂ ਰਾਹੀਂ ਅਸਲੀ ਰੂਪ ਵਿਚ ਆਉਂਦਾ ਹੈ।'' ਉਪਰੋਕਤ ਵਿਚਾਰਾਂ ਤੋਂ ਅਸੀਂ ਇਸ ਸਿੱਟੈ ਤੇ ਪਹੁੰਚਦੇ ਹਾਂ ਕਿ ਸਮਾਜ ਧਰਤੀ ਦੇ ਕਿਸੇ ਹਿੱਸੇ ਤੇ ਰਹਿ ਰਹੇ ਉਨ੍ਹਾਂ ਲੋਕਾਂ ਦਾ ਸਮੂਹ ਹੈ ਜਿਨ੍ਹਾਂ ਦੇ ਆਪਸੀ ਕਿਸੇ ਕਿਸਮ ਦੇ ਸਬੰਧ ਹੋਣ ਅਤੇ ਆਪਣੀ ਇਕ ਸਭਿਅਤਾ ਹੋਵੇ। ਹਰ ਸਮਾਜ ਸਿੱਖਿਆ ਸਬੰਧੀ ਕਈ ਜਿੰਮੇਵਾਰੀਆਂ ਨਿਭਾਉਂਦਾ ਹੈ ਜੋ ਕਿ ਹੇਠ ਲਿਖੇ ਅਨੁਸਾਰ ਹਨ :--

### 1. ਵਿਦਿਅਕ ਸੰਸਥਾਵਾਂ ਦੀ ਸਥਾਪਨਾ (Opening Education Institutions)

ਸਮਾਜ ਬੱਚਿਆਂ ਅਤੇ ਵੱਡਿਆਂ ਲਈ ਕਈ ਕਿਸਮ ਦੀਆਂ ਵਿਦਿਅਕ ਸੰਸਥਾਵਾਂ ਕਾਇਮ ਕਰਦਾ ਹੈ ਜਿਵੇਂ ਕਿ ਮੁੱਢਲੇ ਸਕੂਲ, ਪ੍ਰਾਇਮਰੀ ਸਕੂਲ, ਮਿਡਲ ਸਕੂਲ, ਸੈਕੰਡਰੀ ਸਕੂਲ, ਉਚੇਰੀ ਸਿੱਖਿਆ ਸੰਸਥਾਵਾਂ। ਇਨ੍ਹਾਂ ਸੰਸਥਾਵਾਂ ਰਾਹੀਂ ਵਿਸ਼ਵ ਵਿਦਿਆਲਿਆ ਅਤੇ ਕਿੱਤੇ ਵਾਲੀ ਸੰਸਥਾਵਾਂ ਵਿਚ ਯੋਗ

ਸਿੱਖਿਅਕ ਅਧਿਆਪਕਾਂ ਰਾਹੀਂ ਵਿਦਿਆਰਥੀਆਂ ਦੇ ਸਰੀਰਕ, ਬੌਧਿਕ, ਭਾਵਾਤਮਕ, ਸਮਾਜਿਕ, ਸਭਿਆਚਾਰਕ, ਨੈਤਿਕ, ਅਧਿਆਤਮਿਕ ਅਤੇ ਕਿੱਤਈ ਵਿਕਾਸ ਦਾ ਉਪਰਾਲਾ ਕੀਤਾ ਜਾਂਦਾ ਹੇ। ਇਹ ਸੰਸਥਾਵਾਂ ਸਥਾਨਿਕ ਲੋੜਾਂ ਅਤੇ ਵਾਤਾਵਰਣ ਅਨੁਸਾਰ ਕਾਇਮ ਕੀਤੀਆਂ ਜਾਂਦੀਆਂ ਹਨ।

## 2. ਲਾਇਬ੍ਰੇਰੀਆਂ ਦੀ ਸਥਾਪਨਾ (Establishing Libraries)

ਸਮਾਜ ਲਾਈਬ੍ਰੇਰੀਆਂ ਕਾਇਮ ਕਰਦਾ ਹੇ ਇਥੇ ਵਿਹਲੇ ਸਮੇਂ ਵਿੱਚ ਲੋਕ ਕਿਤਾਬਾਂ ਅਤੇ ਹੋਰ ਪੱਤਰਕਾਵਾਂ ਪੜ੍ਹ ਕੇ ਆਪਣਾ ਗਿਆਨ ਵਧਾਉਂਦੇ ਹਨ। ਸਿੱਖਿਆ ਪ੍ਰਸਾਰ ਦੇ ਨਾਲ ਇਸ ਸਾਧਨ ਦੀ ਮਹੱਤਤਾ ਦਿਨੋ ਦਿਨ ਵਧ ਰਹੀ ਹੈ।

## 3. ਪ੍ਰੌੜ ਜਾਂ ਬਾਲਗ ਸਿੱਖਿਆ (Adult Education)

ਸਮਾਜ ਅਨਪੜ੍ਹ ਜਾਂ ਅਰਧ-ਪੜ੍ਹਿਆ ਨੂੰ ਸਿੱਖਿਆ ਦੇਣ ਲਈ ਪ੍ਰੌੜ ਸਿੱਖਿਆ ਕੇਂਦਰ ਖੋਲ੍ਹਦਾ ਹੈ। ਲੋਕ ਸਵੇਰੇ ਕੰਮ ਤੋਂ ਪਹਿਲਾਂ ਜਾਂ ਸ਼ਾਮ ਨੂੰ ਕੰਮ ਤੋਂ ਬਾਅਦ ਇਨ੍ਹਾਂ ਕੇਂਦਰਾਂ ਵਿੱਚ ਆ ਕੇ ਵਿਦਿਆ ਪ੍ਰਾਪਤ ਕਰਦੇ ਅਤੇ ਸਾਧਨਾਂ ਦੀ ਕਮੀ ਕਰਕੇ ਲੰਬੇ ਸਮੇਂ ਵਿੱਚ ਆਈ ਘਾਟ ਨੂੰ ਪੂਰਾ ਕਰਦੇ ਹਨ। ਇਸ ਤਰ੍ਹਾਂ ਇਹ ਕੇਂਦਰ ਵਿਅਕਤੀ ਦੀ ਸਵੈ ਰਚਨਾ ਵਿਚ ਸਹਾਇਤਾ ਕਰਦੇ ਹਨ।

## 4. ਕਿੱਤੇ ਸੰਬੰਧੀ ਸਿੱਖਿਆ ਦਾ ਪ੍ਰਬੰਧ (Management of Vocational and Professional Education)

ਸਮਾਜ ਦੀ ਉਨਤੀ ਲਹੀ ਇਹ ਜ਼ਰੂਰੀ ਹੈ ਕਿ ਇਸ ਦੇ ਮੈਂਬਰ ਉਤਪਾਦਨ ਜਾ ਕੋਈ ਹੋਰ ਲਾਭਦਾਇਕ ਕੰਮ ਕਰਨ ਦੇ ਯੋਗ ਹੋਣ। ਇਹ ਨਿਸ਼ਾਨਾ ਅਸੀਂ ਕਿੱਤੇ ਸੰਬੰਧੀ ਰਾਹੀਂ ਪੂਰਾ ਕਰਦੇ ਹਾਂ। ਜੋ ਲੋਕਾਂ ਨੂੰ ਤਕਨੀਕੀ ਅਤੇ ਵਿਗਿਆਨ ਸਿੱਖਿਆ ਦੇ ਕੇ ਲਾਭਦਾਇਕ ਕੰਮ ਕਰਨ ਦੇ ਯੋਗ ਬਣਾਉਂਦੀਆਂ ਹਨ।

## 5. ਸਾਹਿਤਕ ਅਤੇ ਸਭਿਆਚਾਰਕ ਸਿੱਖਿਆ ਦੇਣੀ (To Provide Literary and Cultural Education)

ਵੱਖ-ਵੱਖ ਕਿਸਮ ਦੀਆਂ ਸਾਹਿਤਕ ਜਥੇਬੰਦੀਆਂ ਦੀ ਸਥਾਪਨਾ ਕਰਕੇ ਸਮਾਜ ਵੱਖ ਵੱਖ ਸਾਹਿਤਕ ਅਤੇ ਸਭਿਆਚਾਰਕ ਗੁਣਾਂ ਦਾ ਜਿਵੇਂ ਕਿ ਵਾਦ-ਵਿਵਾਦ, ਭਾਸ਼ਣ, ਕਵਿਤਾ, ਇਕਾਂਗੀ, ਸੰਗੀਤ, ਗੀਤ, ਨਾਚ, ਮੂਰਤੀ ਕਲਾ ਆਦਿ ਦਾ ਵਿਕਾਸ ਕਰਦਾ ਹੈ।

## 6. ਉਚ ਸਮਾਜਿਕ ਕੀਮਤਾਂ ਦਾ ਨਿਰਮਾਣ (Inculcation of High Social Values)

ਸੁਖਦਾਈ ਅਤੇ ਸ਼ਾਂਤਮਈ ਸਮਾਜਿਕ ਜੀਵਨ ਲਈ ਸਮਾਜ ਦੇ ਸਭ ਮੈਂਬਰਾਂ ਵਿਚ ਨੈਤਿਕ ਅਤੇ ਉਚੇਰੇ ਸਮਾਜਿਕ ਗੁਣਾਂ ਦਾ ਵਿਕਾਸ ਜ਼ਰੂਰੀ ਹੈ ਜੋ ਸਮਾਜ ਰਾਹੀਂ ਕੀਤਾ ਜਾਂਦਾ ਹੈ ਇਹ ਗੁਣ ਹਨ - ਸਚਾਈ, ਈਮਾਨਦਾਰੀ, ਮਿਹਨਤ, ਦੇਸ਼ ਭਗਤੀ, ਕੁਰਬਾਨੀ, ਪਿਆਰ, ਹਮਦਰਦੀ, ਸਹਿਯੋਗ ਆਦਿ।

## 7. ਸਿੱਖਿਆ ਦੇ ਸਾਧਨਾਂ ਦਾ ਸੁਮੇਲ (Coordination in Different Agencies of Education)

ਸਿੱਖਿਆ ਦੇਣ ਵਿਚ ਵਧੇਰੇ ਕਾਮਯਾਬੀ ਲਈ ਇਹ ਜ਼ਰੂਰੀ ਹੈ ਕਿ ਵੱਖ ਵੱਖ ਸਾਧਨ ਇਕ ਦੂਸਰੇ ਨਾਲ ਮਿਲ ਕੇ ਸਮੂਹਿਕ ਰੂਪ ਵਿਚ ਕੰਮ ਕਰਨ। ਇਸ ਉਦੇਸ਼ ਦੀ ਪ੍ਰਾਪਤੀ ਲਈ ਸਮਾਜ ਵੱਖ ਵੱਖ ਸਾਧਨਾਂ

ਵਿਚ ਤਾਲਮੇਲ ਪੈਦਾ ਕਰਦਾ ਹੈ ਤਾਂ ਕਿ ਬਾਕੀ ਸਭ ਸਾਧਨ ਸਿੱਖਿਅਕ-ਸੰਸਥਾਵਾਂ ਦੇ ਪੂਰਕ ਦੇ ਰੂਪ ਵਿਚ ਕੰਮ ਕਰਨ ਅਤੇ ਸਿੱਖਿਆ ਸੰਪੂਰਨ ਹੋ ਸਕੇ।

## 2.1.7 ਸਾਰ (Summary)

ਸਾਧਾਰਨ ਮਨੁੱਖ ਹਰ ਸਮੇਂ ਕਈ ਸਾਧਨਾਂ, ਸੰਸਥਾਵਾਂ ਅਤੇ ਸੰਗਠਨਾਂ ਤੋਂ ਕੁੱਝ ਨਾ ਕੁੱਝ ਸਿੱਖਦਾ ਰਹਿੰਦਾ ਹੈ। ਇਨ੍ਹਾਂ ਸਭ ਨੂੰ ਸਿੱਖਿਆ ਦੇ ਸਾਧਨ ਕਹਿੰਦੇ ਹਨ। ਜੋ ਸਾਧਨ ਕਿਸੇ ਯੋਜਨਾ ਦੀ ਉਪਜ ਹੁੰਦੇ ਹਨ। ਉਹਨਾਂ ਨੂੰ ਰਸਮੀ ਸਾਧਨ, ਜੋ ਅਚੇਤ ਹੁੰਦੇ ਹਨ ਉਨ੍ਹਾਂ ਨੂੰ ਗ਼ੈਰ ਰਸਮੀ ਸਾਧਨ ਕਿਹਾ ਜਾਂਦਾ ਹੈ। ਸਿੱਖਿਆ ਦੀ ਪ੍ਰਕਿਰਿਆ ਵਿਚ ਸਿੱਖਿਆਰਥੀ ਦੀ ਭੂਮਿਕਾ ਦੇ ਆਧਾਰ ਤੇ ਇਹ ਸਾਧਨ ਦੋ ਪ੍ਰਕਾਰ ਦੇ ਹਨ, ਸਕ੍ਰਿਆ ਸਾਧਨ ਅਤੇ ਅਕ੍ਰਿਆ ਸਾਧਨ। ਪ੍ਰੋਫੈਸਰ ਬਰਾਊਨ ਨੇ ਇਨ੍ਹਾਂ ਸਾਧਨਾਂ ਦਾ ਵਰਗੀ ਕਰਣ ਰਸਮੀ, ਗ਼ੈਰ-ਰਸਮੀ ਵਿਉਪਾਰਕ ਅਤੇ ਗ਼ੈਰ ਵਿਉਪਾਰਕ-ਚਾਰ ਸ਼੍ਰੇਣੀਆਂ ਵਿਚ ਕੀਤਾ ਹੈ। ਵੱਖ ਵੱਖ ਸਾਧਨਾਂ ਦੀ ਮਹੱਤਤਾ ਅਤੇ ਕੰਮ ਹੇਠ ਲਿਖੇ ਅਨੁਸਾਰ ਹਨ -

1. ਘਰ ਜਾਂ ਪਰਿਵਾਰ ਮੁੱਢਲੀ ਸਮਾਜਿਕ ਇਕਾਈ ਹੈ ਜਿਸ ਵਿਚ ਖ਼ੂਨ ਦੇ ਸਬੰਧੀ ਜਾਂ ਅਪਣਾਏ ਗਏ ਸੰਬੰਧੀ ਇਕੱਠੇ ਰਹਿੰਦੇ ਹਨ। ਪਰਿਵਾਰ ਵਿਚ ਮਨੁੱਖ ਦਾ ਸਰੀਰਕ, ਬੌਧਿਕ, ਆਚਰਣਕ, ਭਾਵਨਾਤਮਕ, ਸਮਾਜਿਕ, ਨਾਗਰਿਕ, ਆਰਥਿਕ, ਵਿਅਕਤੀਤਵ, ਧਾਰਮਿਕ ਅਤੇ ਅਧਿਆਤਮਿਕ ਵਿਕਾਸ ਗ਼ੈਰ ਰਸਮੀ ਤੌਰ ਤੇ ਹੁੰਦਾ ਹੈ।

2. ਵਿਦਿਅਕ ਸੰਸਥਾਵਾਂ ਉਹ ਸਾਧਨ ਹਨ ਜਿਥੇ ਟਰੇਡ ਅਧਿਆਪਕ ਨਿਸ਼ਚਿਤ ਵਿਧੀ ਅਨੁਸਾਰ ਖਾਸ ਉਦੇਸ਼ਾਂ ਦੀ ਪ੍ਰਾਪਤੀ ਲਈ ਵਿਦਿਆਰਥੀਆਂ ਨੂੰ ਸਿੱਖਿਆ ਦਿੰਦੇ ਹਨ। ਇਹ ਸਾਧਨ ਰਸਮੀ ਹਨ ਅਤੇ ਨੇੜਲੇ ਭੂਤ ਦੀ ਉਪਜ ਹਨ, ਜਿਸ ਦੀ ਇਸ ਯੁੱਗ ਵਿੱਚ ਵਿਸ਼ੇਸ਼ ਮਹੱਤਤਾ ਹੈ ਇਹ ਸੰਸਥਾਵਾਂ ਵਿਅਕਤੀਆਂ ਦਾ ਸਰਵ-ਪੱਖੀ ਵਿਕਾਸ, ਸਭਿਆਚਾਰ ਦਾ ਸੰਚਾਰ ਅਤੇ ਪ੍ਰਫੁੱਲਣ, ਸਮਾਜਿਕ ਨਿਪੁੰਨਤਾ ਵਿਚ ਵਾਧਾ, ਉਚੇਰੀਆਂ ਸਮਾਜਿਕ ਕੀਮਤਾਂ ਦਾ ਨਿਰਮਾਣ ਅਤੇ ਸਮਾਜੀਕਰਣ, ਵਿਦਿਆਰਥੀ ਜੀਵਨ ਤੋਂ ਬਾਅਦ ਦੀ ਅਨੁਕੂਲਤਾ, ਰਾਸ਼ਟਰੀ ਏਕਤਾ ਦੀ ਸੂਝ, ਕਿੱਤਈ ਸਿੱਖਿਆ ਦੀ ਜਿੰਮੇਵਾਰੀ, ਅੰਤਰ-ਰਾਸ਼ਟਰੀਵਾਦ, ਅਗਵਾਈ ਸਿੱਖਿਆ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਦਾ ਨਵੀਨੀਕਰਨ ਆਦਿ ਕੰਮ ਕਰਦੀਆਂ ਹਨ।

3. ਸਮਾਜ ਇਕ ਗ਼ੈਰ-ਰਸਮੀ ਸਾਧਨ ਹੈ ਜੋ ਉਨ੍ਹਾਂ ਦਾ ਸਮੂਹ ਹੁੰਦਾ ਹੈ ਜਿਨ੍ਹਾਂ ਦੀ ਆਪਣੀ ਇਕ ਸਭਿਅਤਾ ਹੋਵੇ ਕਿਸੇ ਕਿਸਮ ਦਾ ਪ੍ਰਸਪਰ ਸਬੰਧ ਹੋਵੇ। ਸਮਾਜ ਸਿੱਖਿਆ ਲਈ ਕਈ ਉਪਰਾਲੇ ਕਰਦਾ ਹੈ ਜਿਵੇਂ ਵਿਦਿਅਕ ਸੰਸਥਾਵਾਂ ਅਤੇ ਲਾਇਬ੍ਰੇਰੀਆਂ ਦੀ ਸਥਾਪਨਾ, ਬਾਲਗ ਸਿੱਖਿਆ, ਸਾਹਿਤਕ ਸਿੱਖਿਆ, ਸਭਿਆਚਾਰਕ ਸਿੱਖਿਆ, ਕਿੱਤਈ ਸਿੱਖਿਆ, ਨੈਤਿਕ ਸਿੱਖਿਆ, ਅਧਿਆਤਮਕ ਸਿੱਖਿਆ ਆਦਿ ਦਾ ਪ੍ਰਬੰਧ ਕਰਦਾ ਹੈ।

## 2.1.8 ਸਵੈ-ਮੁਲਾਂਕਣ ਪ੍ਰਸ਼ਨ (Self-Evaluation Questions)

(1) ਜੋ ਸਿੱਖਿਆ ਦੇਣ ਦੀ ਪ੍ਰਕ੍ਰਿਆ ਵਿੱਚ ਸਹਾਇਕ ਹੋਣ ਹੀ ਸਿੱਖਿਆ ਦੇ ਸਾਧਨ ਹਨ। ਹਾਂ/ਨਹੀਂ

(2) ਪਰਿਵਾਰ ਸਿੱਖਿਆ ਦੇ ਸਾਧਨ ਵਜੋਂ ਮੁੱਖ ਭੂਮਿਕਾ ਨਿਭਾਉਂਦਾ ਹੈ। ਹਾਂ/ਨਹੀਂ

(3) ਸਕੂਲ ਦਾ ਸਿੱਖਿਆ ਦੇ ਸਾਧਨ ਵਜੋਂ ਕੋਈ ਬਹੁਤਾ ਰੋਲ ਨਹੀਂ ਹੁੰਦਾ। ਹਾਂ/ਨਹੀਂ

(4) ਪਰਿਵਾਰ ਵਿੱਚ ਹੀ ਬੱਚੇ ਦੇ ਵਿਅਕਤੀ ਤਵ ਦਾ ਵਿਕਾਸ ਹੁੰਦਾ ਹੈ। ਹਾਂ/ਨਹੀਂ

(5) ਸਮਾਜ ਇਕ ਗ਼ੈਰ-ਰਸਮੀ ਸਾਧਨ ਹੈ। ਹਾਂ/ਨਹੀਂ

**ਕੁੰਜੀ :** (1) ਹਾਂ (2) ਹਾਂ (3) ਨਹੀਂ (4) ਹਾਂ (5) ਹਾਂ

### 2.1.9 ਸੁਝਾਏ ਪ੍ਰਸ਼ਨ (Suggested Questions)

1. ਪਰਿਵਾਰ ਦੀ ਸਿੱਖਿਆ ਵਿਚ ਭੂਮਿਕਾ ਦਾ ਵਰਣਨ ਅਤੇ ਇਸ ਦਾ ਮੁਲਾਂਕਣ ਕਰੋ।
2. ਸਕੂਲ ਮਨੁੱਖ ਦਾ ਵਿਕਾਸ ਕਿਸ ਤਰ੍ਹਾਂ ਕਰਦਾ ਹੈ ਅਤੇ ਇਸ ਦਾ ਪ੍ਰਭਾਵ ਅਤੇ ਗਤੀਸ਼ੀਲਤਾ ਨੂੰ ਵਧਾਉਣ ਬਾਰੇ ਆਪਣੇ ਸੁਝਾਅ ਲਿਖੋ।
3. ਸਮਾਜ ਸਿੱਖਿਆ ਪ੍ਰਦਾਨ ਕਰਨ ਲਈ ਕਿਹੜੀਆਂ ਸੇਵਾਵਾਂ ਦਿੰਦਾ ਹੈ? ਇਨ੍ਹਾਂ ਦੀ ਵਿਆਖਿਆ ਕਰੋ ਅਤੇ ਇਨ੍ਹਾਂ ਵਿਚ ਵਿਕਾਸ ਬਾਰੇ ਆਪਣੇ ਸੁਝਾਅ ਲਿਖੋ।
4. ਕੀ ਤੁਹਾਡੇ ਵਿਚ ਵੱਖ ਵੱਖ ਸਾਧਨ ਨਿਵੇਕਲੇ ਰੂਪ ਵਿਚ ਪੂਰਣ ਹਨ ਜਾਂ ਇਕ ਦੂਜੇ ਦੇ ਪੂਰਕ ਹਲ, ਦਲੀਲਾਂ ਦੇ ਕੇ ਵਿਆਖਿਆ ਕਰੋ।
5. ਪਰਿਵਾਰ ਦੇ ਕੰਮ ਅਤੇ ਮਹੱਤਤਾ ਬਾਰੇ ਦੱਸੋ।
6. ਸਕੂਲ ਦੇ ਕੰਮ ਬਾਰੇ ਦੱਸੋ।
7. ਸਮਾਜ ਦੇ ਕੰਮ ਬਾਰੇ ਦੱਸੋ।

### 2.1.10 ਸੁਝਾਈ ਪੁਸਤਕ ਸੂਚੀ (Suggested Books)


1. ਭਾਟੀਆ ਕੇ.ਕੇ. ਐਚ.ਆਰ., *ਸਿੱਖਿਆ ਦੇ ਸਿਧਾਂਤ ਅਤੇ ਵਿਧੀਆਂ,* ਲੁਧਿਆਣਾ
2. Bhatia K.K., Principles and Techniques of Education, Ludhiana, Prakash Brothers, 1978.
3. Jayaswal, Sitaram, *Sociological Foundations of Education,* Lucknow : Prakashan Kendra, 1985.
4. Mathur S.S. : A Sociological approach to Indian Education : Agra, Vinod Pustak Mandir, 1976.
5. Safaya Raghunath and Saida P.D. : Principles and Techniques of Education, Jalandhar, Delhi, Dhanpat Rai and Sons.
6. ਜੇ.ਐਸ. ਵਾਲੀਆ : *ਸਿੱਖਿਆ ਦੇ ਸਿਧਾਂਤ ਅਤੇ ਵਿਧੀਆਂ,* ਜਲੰਧਰ ਸ਼ਹਿਰ, ਪਾਲ ਪਬਲਿਸ਼ਰਜ਼, 1977
7. Walia, J.S. : *Principles and Methods of Education* : Jalandhar City, Pal Publishers, 1977.
8. ਸੋਢੀ, ਟੀ.ਐਸ. : ਸਿੱਖਿਅਕ ਫਲਸਫਾ ਅਤੇ ਸਮਾਜ-ਸ਼ਾਸਤਰ, ਬਾਵਾ ਪਬਲੀਕੇਸ਼ਨਜ਼, ਪਟਿਆਲਾ।

**ਬੀ.ਏ. ਭਾਗ ਪਹਿਲਾ** **ਐਜੂਕੇਸ਼ਨ ਪਰਚਾ ਏ**

---

**ਪਾਠ ਨੰ.: 2.2** **ਲੇਖਕ : ਡਾ. ਮਨਜੀਤ ਕੌਰ**

---

# ਕੌਮੀ ਏਕਤਾ ਲਈ ਸਿੱਖਿਆ ਜਾਂ ਰਾਸ਼ਟਰੀ ਏਕਤਾ

**ਪਾਠ ਦੀ ਬਣਤਰ (Structure of the Lesson)**

2.2.1 ਉਦੇਸ਼ (Objectives)

2.2.2 ਜਾਣਕਾਰੀ (Introduction)

2.2.3 ਰਾਸ਼ਟਰੀ ਏਕਤਾ ਦਾ ਅਰਥ (Meaning of National Integration)

2.2.4 ਕੋਠਾਰੀ ਸਿੱਖਿਆ ਕਮਿਸ਼ਨ ਦੀ ਰਿਪੋਰਟ (Report of Kothari Education Commission)

2.2.5 ਰਾਸ਼ਟਰੀ ਏਕਤਾ ਵਿੱਚ ਰੁਕਾਵਟਾਂ (Obstacles of National Integration)

- 2.2.5.1 ਜਾਤੀਵਾਦ (Casteism)
- 2.2.5.2 ਫਿਰਕਾਪ੍ਰਸਤੀ (Communalism)
- 2.2.5.3 ਭਾਸ਼ਾਵਾਦ (Linguism)
- 2.2.5.4 ਪ੍ਰਦੇਸ਼ਵਾਦ (Regionalism)
- 2.2.5.5 ਸਮਾਜਿਕ ਅੰਤਰ (Social Difference)
- 2.2.5.6 ਆਰਥਿਕ ਅੰਤਰ (Economic Differences)
- 2.2.5.7 ਵੱਖ ਵੱਖ ਰਾਜਨੀਤਿਕ ਪਾਰਟੀਆਂ (Different Political Parties)
- 2.2.5.8 ਚੰਗੀ ਲੀਡਰਸ਼ਿਪ ਦੀ ਅਣਹੋਂਦ (Lack of Good Leadership)

**2.2.6 ਰਾਸ਼ਟਰੀ ਏਕਤਾ ਲਈ ਸਿੱਖਿਆ** (Education for National Integration)

- 2.2.6.1 ਰਾਸ਼ਟਰੀ ਸਿੱਖਿਆ ਨੀਤੀ (National Policy of Education)
- 2.2.6.2 ਸਿਲੇਬਸ ਦਾ ਪੁਨਰ-ਨਿਰਮਾਣ (Reconstruction of Syllabus)
- 2.2.6.3 ਪਾਠ-ਪੁਸਤਕਾਂ ਦਾ ਮੁੜ-ਨਿਰਮਾਣ (Redesigning of Text Books)
- 2.2.6.4 ਪਾਠ ਸਹਾਇਕ ਕਿਰਿਆਵਾਂ ਦਾ ਪ੍ਰਬੰਧ (Organising Co-Curricular Activities)

**2.2.7 ਸਿੱਟਾ** (Summary)

**2.2.8 ਸਵੈ ਮੁਲਾਂਕਣ ਪ੍ਰਸ਼ਨ** (Self Evaluation Questions)

**2.2.9 ਸੁਝਾਏ ਪ੍ਰਸ਼ਨ** (Suggested Questions)

**2.2.10 ਸੁਝਾਈ ਪੁਸਤਕਾਂ ਦੀ ਸੂਚੀ** (Suggested Books)

## 2.2.1 ਪਾਠ ਦੇ ਉਦੇਸ਼ (Objectives) :

ਪਿਆਰੇ ਵਿਦਿਆਰਥੀਓ, ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਇਹ ਜਾਣ ਲਵੋਗੇ :

(1) ਰਾਸ਼ਟਰੀ ਏਕਤਾ ਬਾਰੇ ਜਾਣਕਾਰੀ ਪ੍ਰਾਪਤ ਕਰ ਲਵੋਗੇ।

(2) ਕੋਠਾਰੀ ਕਮਿਸ਼ਨ ਨੇ ਇਸ ਬਾਰੇ ਦਿੱਤੇ ਵਿਚਾਰਾਂ ਬਾਰੇ ਜਾਣ ਲਵੋਗੇ।

(3) ਰਾਸ਼ਟਰੀ ਏਕਤਾ ਵਿੱਚ ਆਊਣ ਵਾਲੀਆਂ ਰੁਕਾਵਟਾਂ ਬਾਰ ਜਾਣਕਾਰੀ ਹਾਸਲ ਕਰ ਲਉ।

(4) ਰਾਸ਼ਟਰੀ ਏਕਤਾ ਪੈਦਾ ਕਰਨ ਲਈ ਸਿੱਖਿਆ ਦੇ ਯੋਗਦਾਨ ਬਾਰੇ ਜਾਣ ਸਕੋਂਗੇ?

## 2.2.2 ਜਾਣਕਾਰੀ (Introduction) :

ਭਾਰਤ ਵਿੱਚ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ, ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ, ਵੱਖ-ਵੱਖ ਪ੍ਰਕਾਰ ਦਾ ਭੋਜਨ ਕਰਨ ਵਾਲੇ, ਕਪੜੇ ਪਹਿਨਣ ਵਾਲੇ, ਜੀਵਨ ਜਿਉਣ ਵਾਲੇ ਲੋਕ ਵਸਦੇ ਹਨ। ਮਰਾਠੀ, ਬੰਗਾਲੀ, ਮਦਰਾਸੀ, ਹਿੰਦੂ, ਮੁਸਲਮਾਨ ਅਤੇ ਈਸਾਈ ਸਾਰੇ ਭਾਰਤ ਦੇ ਨਾਗਰਿਕ ਹਨ। ਕਈ ਧਾਰਮਿਕ ਝਗੜਿਆਂ ਦੇ ਬਾਵਜੂਦ ਵੀ ਰਾ੍ਸਟਰੀ ਅਤੇ ਸੰਕਟ ਸਮੇਂ ਸਾਰੇ ਭਾਰਤੀ ਇਕ ਹੋ ਜਾਂਦੇ ਹਨ। ਰਾਸ਼ਟਰੀ ਆਜ਼ਾਦੀ ਦੇ ਸੰਘਰਸ਼ ਸਮੇਂ ਸਾਰੇ ਭਾਰਤੀਆਂ ਨੇ ਇਕ ਹੋ ਕੇ ਸ਼ਕਤੀਸ਼ਾਲੀ ਬ੍ਰਿਟਿਸ਼ ਸਾਮਰਾਜ ਨੂੰ ਭਾਰਤ ਵਿਚੋਂ ਉਖਾੜ ਦਿੱਤਾ ਸੀ। ਅਸੀਂ ਗਣਤੰਤਰ ਭਾਰਤ ਦੇ ਨਾਗਰਿਕ ਦੇ ਤੌਰ ਤੇ ਸੰਸਾਰ ਦੇ ਸਾਹਮਣੇ ਏਕਤਾ ਕਾਇਮ ਕਰਨੀ ਹੈ।

ਪਰਜਾਤੰਤਰ, ਨਾਗਰਿਕਤਾ, ਦੇਸ਼-ਭਗਤੀ ਅਤੇ ਅੰਤਰਰਾ੍ਸਟਰੀ ਭਾਵਨਾ ਦੀ ਸਿੱਖਿਆ ਦਾ ਰਾਸ਼ਟਰੀ ਏਕਤਾ ਦੇ ਨਾਲ ਗਹਿਰਾ ਸਬੰਧ ਹੈ। ਰਾਸ਼ਟਰੀ ਏਕਤਾ ਦੀ ਸਿੱਖਿਆ ਦੀ ਜ਼ਰੂਰਤ ਤੇ ਜ਼ੋਰ ਦਿੰਦਿਆਂ ਹੋਇਆ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਰਾਸ਼ਟਰੀ ਏਕਤਾ ਦੀ ਪ੍ਰਾਪਤੀ ਸਿੱਖਿਆ ਦਾ ਇਕ ਮਹੱਤਵਪੂਰਨ ਉਦੇਸ਼ ਹੋਣਾ ਚਾਹੀਦਾ ਹੈ, ਕਿਉਂਕਿ ਇਹ ਰਾਜਨੀਤਿਕ ਏਕਤਾ, ਧਾਰਮਿਕ ਏਕਤਾ, ਸਮਾਜਿਕ ਉਨਤੀ, ਆਰਥਿਕ ਉਨਤੀ, ਸੰਸਕ੍ਰਿਤੀ ਅਤੇ ਸਭਿਅਤਾ ਦਾ ਵਿਕਾਸ ਅਤੇ ਸ਼ਕਤੀਸ਼ਾਲੀ ਸੰਗਠਿਤ ਦੇਸ਼ ਦਾ ਆਧਾਰ ਹੈ। ਡਾ. ਰਾਧਾ ਕ੍ਰਿਸ਼ਨਨ ਦੇ ਸ਼ਬਦਾਂ ਵਿੱਚ :

"ਜੇ ਭਾਰਤ ਨੇ ਸੁਤੰਤਰ, ਸੰਗਠਿਤ ਅਤੇ ਲੋਕਤੰਤਰਿਕ ਰਹਿਣਾ ਹੈ ਤਾਂ ਸਿੱਖਿਆ ਨੂੰ ਲੋਕਤੰਤਰੀ ਏਕਤਾ ਦੀ ਟਰੇਨਿੰਗ ਦੇਣੀ ਚਾਹੀਦੀ ਹੈ ਨਾ ਕਿ ਡਿਕਟੇਟਰਸ਼ਿਪ ਦੀ।"

ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਕਿ ਭਾਰਤ ਵਿਚ ਵੰਡ ਦੀਆਂ ਕੁਝ ਇਸ ਪ੍ਰਕਾਰ ਪ੍ਰਵਿਰਤੀਆਂ ਪੈਦਾ ਹੋ ਰਹੀਆਂ ਹਨ, ਜੋ ਰਾਸ਼ਟਰੀ ਏਕਤਾ ਦੀਆਂ ਜੜ੍ਹਾਂ ਨੂੰ ਕੱਟ ਰਹੀਆਂ ਹਨ। 2 ਜਨਵਰੀ, 1950 ਨੂੰ ਪੰਡਿਤ ਜਵਾਹਰ ਲਾਲ ਨਹਿਰੂ ਨੇ ਐਲਾਨ ਕੀਤਾ ਸੀ, "ਅਸੀਂ ਭਾਰਤੀ ਗਣਤੰਤਰ ਦੇ ਨਾਗਰਿਕ ਸਿੱਧੀ ਕਮਰ ਕਰਕੇ, ਖੜ੍ਹੇ ਹੋਈਏ, ਅਸਮਾਨ ਦੇ ਵੱਲ ਵੇਖੀਏ। ਸਾਡੇ ਪੈਰ ਮਜ਼ਬੂਤੀ ਨਾਲ ਜ਼ਮੀਨ ਤੇ

ਜੰਮੇ ਹੋਣ ਅਤੇ ਨੇੜਤਾ ਲਿਆਉਣ, ਭਾਰਤੀ ਲੋਕਾਂ ਵਿਚ ਏਕਤਾ ਪੈਦਾ ਕਰਨਾ ਰਾਜਨੀਤਿਕ ਏਕਤਾ ਪਹਿਲਾਂ ਹੀ ਆ ਚੁੱਕੀ ਹੈ, ਪਰ ਮੈਂ ਜੋ ਚਾਹੁੰਦਾ ਹਾਂ, ਉਹ ਚੀਜ਼ ਇਸ ਤੋਂ ਵੀ ਜ਼ਿਆਦਾ ਡੂੰਘੀ ਹੈ ਅਤੇ ਉਹ ਹੈ ਭਾਰਤੀ ਪਰਜਾ ਦੀ ਭਾਵਨਾਤਮਿਕ ਏਕਤਾ (Emotional Integration) ਉਸ ਦੇ ਲਈ ਸਾਨੂੰ ਆਪਣੀ ਪੂਰੀ ਅਨੇਕਤਾ ਕਾਇਮ ਰੱਖਦੇ ਹੋਏ ਵੀ ਇਕ ਸ਼ਕਤੀਸ਼ਾਲੀ ਰਾਸ਼ਟਰੀ ਏਕਤਾ ਵਿਚ ਜੁੜਨਾ ਹੋਵੇਗਾ।''

ਇਹ ਮਹਿਸੂਸ ਕੀਤਾ ਗਿਆ ਹੈ ਕਿ ਰਾਸ਼ਟਰੀ ਏਕਤਾ ਅਤੇ ਏਕਤਾ–ਭਾਵਨਾ ਨੂੰ ਨਿਸ਼ਚੇ ਹੀ ਮਜ਼ਬੂਤ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਸਭ ਤੱਤਾਂ ਨੂੰ ਜੋ ਇਸ ਤਰ੍ਹਾਂ ਦੀ ਏਕਤਾ ਦੇ ਵਿਰੁੱਧ ਸੈਨਿਕ ਸੰਗਠਨ ਦੀ ਦਿਸ਼ਾ ਵਿਚ ਚਲਦੇ ਹਨ, ਦਾ ਪੂਰੀ ਸ਼ਕਤੀ ਨਾਲ ਵਿਰੋਧ ਹੋਣਾ ਚਾਹੀਦਾ ਹੈ। ਮਈ 1961 ਵਿਚ ਕੇਂਦਰੀ ਸਰਕਾਰ ਵਲੋਂ ਬਣਾਈ ਗਈ ਭਾਵਨਾਤਮਿਕ ਏਕਤਾ ਕਮੇਟੀ ਨੇ ਜ਼ਰੂਰੀ ਰਾਸ਼ਟਰੀ ਚੇਤਨਾ ਲਿਆਉਣ ਦੇ ਲਈ ਕਈ ਸੁਝਾਅ ਦਿੱਤੇ ਸਨ। ਕਮੇਟੀ ਨੇ ਆਪਣੇ ਪ੍ਰੋਗਰਾਮ ਦੇ ਸ਼ੁਰੂ ਵਿੱਚ ਹੀ ਕਿਹਾ ਹੈ, 'ਇਹ ਸੁਝਾਅ ਦਿੰਦੇ ਹੋਏ ਕਮੇਟੀ ਵੱਖ ਵੱਖ ਅੰਗਾਂ ਦੁਆਰਾ ਬਣੀ ਭਾਰਤੀ ਸੰਸਕ੍ਰਿਤੀ ਦੀ ਰਚਨਾ ਤੇ ਜ਼ੋਰ ਦੇਣਾ ਅਤੇ ਭਾਰਤੀ ਸਭਿਅਤਾ ਨੂੰ ਖੁਸ਼ਹਾਲ ਬਣਾਉਣ ਵਾਲੇ ਵੱਖ–ਵੱਖ ਸੰਸਕ੍ਰਿਤਕ ਤੱਤਾਂ ਨੂੰ ਸਮਾਨ ਰੂਪ ਵਿੱਚ ਘੋਸ਼ਣਾ ਅਤੇ ਆਧਾਰ ਦਿੰਦੇ ਹੋਏ ਅਨੇਕਤਾ ਵਿਚ ਏਕਤਾ ਪੈਦਾ ਕਰਨ ਦੀ ਲੋੜ ਤੇ ਜ਼ੋਰ ਦੇਣਾ ਪਸੰਦ ਕਰੇਗੀ।''

### 2.2.3 ਰਾਸ਼ਟਰੀ ਏਕਤਾ ਦਾ ਅਰਥ (Meaning of National Integration) :

ਰਾਸ਼ਟਰੀ ਏਕਤਾ ਦਾ ਅਰਥ ਹੈ ਭਾਰਤ ਦੀ ਏਕਤਾ, ਇਹ ਇਕ ਦ੍ਰਿੜ ਸ਼ਕਤੀ ਹੈ ਜੋ ਦੇਸ਼ ਦੇ ਨਾਗਰਿਕਾਂ ਵਿੱਚ ਸੰਗਠਨ ਪੈਦਾ ਕਰਦੀ ਹੈ। ਇਸ ਦਾ ਅਰਥ ਹੈ ਕਿ ਲੋਕਾਂ ਵਿਚ ਮੌਜੂਦ ਸਮਾਜਿਕ, ਆਰਥਿਕ, ਰਾਜਨੀਤਿਕ, ਸਭਿਆਚਾਰਕ ਅਤੇ ਭਾਸ਼ਾਈ ਭੇਦਾਂ ਨੂੰ ਸਹਿਣਸ਼ੀਲਤਾ ਦੀ ਹੱਦ ਤੱਕ ਲਿਆਉਣਾ। ਇਹ ਇਕ ਤਰ੍ਹਾਂ ਦੀ ਅਨੇਕਤਾ ਵਿਚ ਏਕਤਾ ਹੈ। ਬਰੂਬੇਕਰ ਦਾ ਵਿਚਾਰ ਹੈ, ''ਕਿ ਰਾਸ਼ਟਰਵਾਦ ਦੇ ਪੁਨਰ ਜਾਗਰਣ ਅਤੇ ਵਿਸ਼ੇਸ਼ ਤੌਰ ਤੇ ਫਰਾਂਸ ਦੀ ਕ੍ਰਾਂਤੀ ਤੋਂ ਮਹੱਤਵ ਪ੍ਰਾਪਤ ਕੀਤਾ। ਸਾਧਾਰਣ ਰੂਪ ਵਿਚ ਇਸ ਦਾ ਅਰਥ ਹੈ ਦੇਸ਼ ਲਈ ਦੇਸ਼ ਭਗਤੀ ਤੋਂ ਵੀ ਵਧੇਰੇ ਵਫਾਦਾਰੀ ਰੱਖਣਾ। ਅਸਥਾਨ ਦੀ ਏਕਤਾ ਤੋਂ ਇਲਾਵਾ ਰਾਸ਼ਟਰਵਾਦ ਵਿਚ ਜਾਤੀ ਏਕਤਾ, ਭਾਸ਼ਾਈ ਏਕਤਾ, ਇਤਿਹਾਸਕ ਏਕਤਾ, ਸੰਸਕ੍ਰਿਤਕ ਏਕਤਾ ਅਤੇ ਪਰੰਪਰਿਕ ਏਕਤਾ ਦਾ ਵੀ ਮਹੱਤਵ ਹੈ।''

### 2.2.4 ਕੋਠਾਰੀ ਸਿੱਖਿਆ ਕਮਿਸ਼ਨ ਦੀ ਰਿਪੋਰਟ (Report of Kothari Education Commission)

ਇਸ ਕਮਿਸ਼ਨ ਦੀ ਦ੍ਰਿਸ਼ਟੀ ਤੋਂ ਰਾਸ਼ਟਰੀ ਏਕਤਾ ਹੇਠ ਲਿਖੀਆਂ ਗੱਲ੍ਹਾਂ ਵਿਚ ਹੈ :

1. ਰਾਸ਼ਟਰੀ ਭਵਿੱਖ ਵਿਚ ਵਿਸ਼ਵਾਸ ਹੋਣਾ।
2. ਲੋਕਾਂ ਦੇ ਜੀਵਨ ਪੱਧਰ ਦੇ ਲਗਾਤਾਰ ਉਚੇਰਾ ਹੋਣਾ ਜਿਸ ਵਿਚ ਬੇਕਾਰੀ ਦਾ ਖ਼ਤਮ ਹੋਣਾ ਵੀ ਸ਼ਾਮਲ ਹੈ।
3. ਨਾਗਰਿਕਾਂ ਦੀਆਂ ਕੀਮਤਾਂ ਅਤੇ ਲੋਕਾਂ ਦੀ ਰਾਸ਼ਟਰੀ ਵਫਾਦਾਰੀ ਨਾਲ ਨਹੀਂ ਸਗੋਂ ਸੰਪੂਰਨ ਰਾਸ਼ਟਰ ਦੇ ਨਾਲ ਏਕਾਗਰ ਹੋਣਾ।

4. ਚੰਗੇ ਅਤੇ ਨਿਰਪੱਖ ਪ੍ਰਬੰਧ ਵਿੱਚ ਵਿਸ਼ਵਾਸ ਅਤੇ ਹਰ ਇਕ ਨਾਗਰਿਕ ਨਾਲ ਇਕੋ ਜਿਹਾ ਵਰਤਾਓ।
5. ਭਿੰਨ-ਭਿੰਨ ਲੋਕਾਂ ਦੇ ਵਰਗਾਂ ਦਾ ਇੱਕ ਦੂਸਰੇ ਨੂੰ ਸਮਝਣਾ ਅਤੇ ਇਕ ਦੂਸਰੇ ਦੀਆਂ ਸਭਿਆਚਾਰਕ ਪਰੰਪਰਾਵਾਂ ਅਤੇ ਜੀਵਨ ਵਿਧੀਆਂ ਦਾ ਆਦਰ ਕਰਨਾ।

ਭਾਰਤ ਵਿੱਚ ਅਨੇਕਤਾ ਵਿੱਚ ਏਕਤਾ ਹੈ ਕਿਉਂਕਿ ਇੰਨੀਆਂ ਭਿੰਨ-ਭਿੰਨ ਜਾਤੀਆਂ, ਧਰਮਾਂ, ਭਾਸ਼ਾਵਾਂ ਤੇ ਉਪ ਭਾਸ਼ਾਵਾਂ ਦੇ ਹੁੰਦੇ ਹੋਏ ਵੀ ਭਾਰਤ ਇਕ ਮਹਾਨ ਰਾਸ਼ਟਰ ਹੈ। 1961 ਵਿੱਚ ਨਵੀਂ ਦਿੱਲੀ ਵਿਚ ਹੋਈ ਰਾਸ਼ਟਰੀ ਏਕਤਾ ਕਾਨਫਰੰਸ ਦੇ ਮੂਲ ਰੂਪ ਵਿਚ ਦੋ ਗੱਲ੍ਹਾਂ ਮਨਜੂਰ ਕੀਤੀਆਂ। ਇਕ ਤਾਂ ਇਹ ਕਿ ਕੇਵਲ ਸਿੱਖਿਆ ਹੀ ਇਕ ਅਜਿਹਾ ਸਾਧਨ ਹੈ ਜਿਸ ਦੁਆਰਾ ਰਾਸ਼ਟਰੀ ਏਕਤਾ ਲਿਆਈ ਜਾ ਸਕਦੀ ਹੈ, ਇਸ ਲਈ ਸਿੱਖਿਆ ਨੀਤੀ ਨੂੰ ਇਸ ਉਦੇਸ਼ ਦੀ ਪੂਰਤੀ ਲਈ ਢਾਲਿਆ ਜਾਵੇ। ਦੂਜੀ ਗੱਲ ਇਹ ਹੈ ਕਿ ਵਿਵਹਾਰ ਦਾ ਇਕ ਕੋਡ ਤਿਆਰ ਕੀਤਾ ਜਾਵੇ, ਜਿਹੜਾ ਸਾਰੀਆਂ ਰਾਜਨੀਤਿਕ ਪਾਰਟੀਆਂ ਲਈ ਜ਼ਰੂਰੀ ਹੋਵੇ। ਇਨ੍ਹਾਂ ਸਿਫਾਰਿਸ਼ਾਂ ਤੇ ਵਿਚਾਰ ਹਾਲੇ ਕੀਤੀ ਜਾ ਰਹੀ ਸੀ, ਕਿ 1962 ਵਿਚ ਚੀਨ ਨੇ ਭਾਰਤ ਤੇ ਹਮਲਾ ਕਰ ਦਿੱਤਾ। ਸਾਰਾ ਰਾਸ਼ਟਰ ਆਜ਼ਾਦੀ ਪ੍ਰਾਪਤੀ ਤੋਂ ਪਹਿਲਾਂ ਦੀ ਤਰ੍ਹਾਂ ਹੀ ਇਕਮੁੱਠ ਹੋ ਗਿਆ। ਇਸੇ ਤਰ੍ਹਾਂ ਪੂਰੀ ਤਰ੍ਹਾਂ ਹੀ ਇਹ ਏਕਤਾ ਪਾਕਿਸਤਾਨ ਵਿਰੁੱਧ 1965 ਅਤੇ 1971 ਦੀਆਂ ਲੜਾਈਆਂ ਵਿਚ ਵੀ ਪ੍ਰਗਟ ਹੋਈ, ਪਰੰਤੂ ਰਾਸ਼ਟਰ ਏਕਤਾ ਦੀ ਭਾਵਨਾ ਸ਼ਾਂਤੀ ਸਮੇਂ ਅਲੋਪ ਹੋ ਜਾਂਦੀ ਹੈ।

ਇਸ ਪ੍ਰਕਾਰ ਸਮੁੱਚੇ ਸੰਸਾਰ ਵਿੱਚ ਤੇ ਵਿਸ਼ੇਸ਼ ਕਰਕੇ ਭਾਰਤ ਵਿਚ ਰਾਸ਼ਟਰੀ ਏਕਤਾ ਦੀ ਲੋੜ ਸਧਾਰਣ ਰੂਪ ਵਿਚ ਹੀ ਅਨੁਭਵ ਕੀਤੀ ਜਾ ਸਕਦੀ ਹੈ। ਕਿਉਂਕਿ ਇਕ ਸ਼ਕਤੀਸ਼ਾਲੀ ਤੇ ਇਕ ਮੁੱਠ ਰਾਸ਼ਟਰ ਹੀ ਆਧੁਨਿਕ ਯੁੱਗ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰ ਸਕਦਾ ਹੈ।

### 2.2.5 ਰਾਸ਼ਟਰੀ ਏਕਤਾ ਵਿੱਚ ਰੁਕਾਵਟਾਂ (Obstacles of National Integration) :

ਆਜ਼ਾਦੀ ਦੇ 45 ਸਾਲ ਬਾਅਦ ਵੀ ਭਾਸ਼ਾ ਦੇ ਪੱਖ ਤੋਂ ਅਸੀਂ ਆਪਣੇ ਸੰਵਿਧਾਨਕ ਉਪਬੰਧਾਂ ਨੂੰ ਅਮਲੀ ਰੂਪ ਨਹੀਂ ਦੇ ਸਕੇ। ਅੰਗਰੇਜ਼ੀ ਭਾਸ਼ਾ ਅਜੇ ਵੀ ਸਾਡੇ ਪ੍ਰਕਾਸ਼ਨ ਤੇ ਸਿੱਖਿਆ ਦਾ ਮਾਧਿਅਮ ਹੈ ਅਤੇ ਇਸ ਨੂੰ ਪ੍ਰਮੁੱਖਤਾ ਪ੍ਰਾਪਤ ਹੈ। ਇਹ ਸਮੱਸਿਆਵਾਂ ਰਾਸ਼ਟਰੀ ਏਕਤਾ ਤੇ ਰਾਸ਼ਟਰੀ ਪ੍ਰਗਤੀ ਲਈ ਬੜੀਆਂ ਹੀ ਖਤਰਨਾਕ ਸਿੱਧ ਹੋਈਆਂ ਹਨ। ਸਿੱਖਿਆ ਨੇ ਵੀ ਇਸ ਪ੍ਰਤੀ ਕੋਈ ਖਾਸ ਯੋਗਦਾਨ ਨਹੀਂ ਦਿੱਤਾ। ਪੁਰਾਣੀਆਂ ਕੀਮਤਾਂ ਜਿਹੜੀਆਂ ਸਮਾਜ ਨੂੰ ਇਕ ਰਖਦੀਆਂ ਸਨ, ਸਮਾਪਤ ਹੁੰਦੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਦੀ ਜਗ੍ਹਾਂ ਤੇ ਸਮਾਜਿਕ ਤੋੜ ਫੋੜ ਦੀਆਂ ਸ਼ਕਤੀਆਂ ਉਭਰ ਰਹੀਆਂ ਹਨ। ਇਨ੍ਹਾਂ ਵਿਚ ਹੜਤਾਲਾਂ ਰਾਸ਼ਟਰੀ ਸੰਪਤੀ ਨੂੰ ਨੁਕਸਾਨ, ਰਿਸ਼ਵਤਖੋਰੀ, ਫਿਰਕਿਆਂ ਦਾ ਤਣਾਓ ਤੇ ਆਪਸੀ ਝਗੜੇ ਵਧੇਰੇ ਪ੍ਰਮੁੱਖ ਹਨ।

### 2.2.5.1 ਜਾਤੀਵਾਦ (Casteism)

ਜਾਤੀਵਾਦ ਹੁਣ ਵੀ ਕੌਮੀ ਏਕਤਾ ਲਈ ਬਹੁਤ ਵੱਡੀ ਰੁਕਾਵਟ ਹੈ। ਵੱਖ ਵੱਖ ਜਾਤੀਆਂ ਕੇਵਲ ਆਪਣੇ ਹਿੱਤ ਲਈ ਵੀ ਵੱਧ ਸੋਚਦੀਆਂ ਹਨ। ਉਹਨਾਂ ਨੂੰ ਰਾਸ਼ਟਰੀ ਹਿੱਤ ਦੀ ਕੋਈ ਚਿੰਤਾ ਨਹੀਂ।ਉਦਯੋਗ ਅਤੇ ਸਰਕਾਰੀ ਕੰਮਾਂ ਵਿਚ ਲੱਗੇ ਹੋਏ ਸਾਰੇ ਵੱਡੇ ਛੋਟੇ ਵਿਅਕਤੀ ਜਾਤਾਂ ਵਿਚ ਵੰਡੇ ਹੋਏ ਹਨ ਅਤੇ ਉਹ ਸਭ ਆਪਣੀ ਹੀ ਜਾਤ ਦੇ ਮੈਂਬਰਾਂ ਨੂੰ ਨਿਯੁਕਤ ਕਰਨਾ ਚਾਹੁੰਦੇ ਹਨ। ਸਿੱਟੇ ਵਜੋਂ ਦੂਜੀ ਜਾਤ ਦੇ ਲੋਕ

ਇਸ ਦੀ ਵਿਰੋਧਤਾ ਕਰਦੇ ਹਨ ਤੇ ਹਿੰਸਕ ਬਣ ਜਾਂਦੇ ਹਨ। ਇਸ ਤਰ੍ਹਾਂ ਕੌਮੀ ਏਕਤਾ ਲਈ ਜਾਤੀ ਵਫਾਦਾਰੀ ਬਹੁਤ ਵੱਡੀ ਰੁਕਾਵਟ ਹੈ।

### 2.2.5.2 ਫਿਰਕਾਪ੍ਰਸਤੀ (Communalism)

ਇਹ ਵੀ ਕੌਮੀ ਏਕਤਾ ਵਿਚ ਬਹੁਤ ਵੱਡੀ ਰੁਕਾਵਟ ਹੈ। ਭਾਰਤ ਵਿੱਚ ਵੱਖ-ਵੱਖ ਧਰਮ ਹਨ - ਜਿਵੇਂ ਹਿੰਦੂ, ਸਿੱਖ, ਈਸਾਈ, ਮੁਸਲਮਾਨ ਆਦਿ। ਹਿੰਦੂਆਂ ਵਿਚ ਵੀ ਸਿੱਖ ਧਰਮ, ਆਰੀਆ ਸਮਾਜ, ਸਨਾਤਨ ਧਰਮ ਆਦਿ ਕਈ ਧਰਮ ਪ੍ਰਚਲਿਤ ਹਨ। ਬਹੁਤ ਸਾਰੇ ਲੋਕ ਰਾਸ਼ਟਰਵਾਦ ਦੇ ਨਾਮ ਤੇ ਨਹੀਂ ਸਗੋਂ ਫਿਰਕਾਪ੍ਰਸਤੀ ਦੇ ਨਾਮ ਤੇ ਕੰਮ ਕਰਦੇ ਹਨ। ਇਸ ਨਾਲ ਰਾਸ਼ਟਰੀ ਏਕਤਾ ਵਿਚ ਰੁਕਾਵਟ ਪੈਂਦੀ ਹੈ।

### 2.2.5.3 ਭਾਸ਼ਾਵਾਦ (Linguism)

ਭਾਸ਼ਾ ਦੀ ਅਨੇਕਤਾ ਵੀ ਰਾਸ਼ਟਰੀ ਏਕਤਾ ਵਿਚ ਬਹੁਤ ਵੱਡੀ ਰੁਕਾਵਟ ਹੇ। ਇਸ ਵਾਦ ਨੇ ਕਈ ਵਾਰ ਹਿੰਸਕ ਰੂਪ ਧਾਰਨ ਕੀਤਾ ਅਤੇ ਇਸ ਦੇ ਕਾਰਣ ਕਈ ਵਾਰ ਦੰਗੇ ਹੋ ਚੁੱਕੇ ਹਨ। ਕੁਝ ਪ੍ਰਾਂਤਾਂ ਦੇ ਲੋਕ ਕੋਈ ਹੋਰ ਭਾਸ਼ਾ ਸਵੀਕਾਰ ਕਰਨ ਲਈ ਤਿਆਰ ਹੀ ਨਹੀਂ।

### 2.2.5.4 ਪ੍ਰਦੇਸ਼ਵਾਦ (Regionalism)

ਪ੍ਰਦੇਸ਼ਵਾਦ ਦੀ ਰਾਸ਼ਟਰ ਏਕਤਾ ਲਈ ਇਕ ਖਤਰਾ ਹੈ। ਅੱਜ ਹਾਲਤਾਂ ਇਹ ਹਨ ਕਿ ਬਿਹਾਰੀ ਬੰਗਾਲੀ ਨਾਲ ਘ੍ਰਿਣਾ ਕਰਦਾ ਹੈ, ਬੰਗਾਲੀ ਤਾਮਿਲੀ ਤੋਂ ਨਫ਼ਰਤ ਕਰਦਾ ਹੈ ਅਤੇ ਤਾਮਿਲ ਦੇ ਲੋਕ ਉਤਰੀ ਭਾਰਤ ਦੇ ਲੋਕਾਂ ਨਾਲ ਘ੍ਰਿਣਾ ਕਰਦੇ ਹਨ। ਰਾਸ਼ਟਰੀ ਜੀਵਨ ਦੇ ਹਰ ਇਕ ਖੇਤਰ ਉਦਯੋਗ, ਵਪਾਰ, ਸਿੱਖਿਆ ਅਤੇ ਸੇਵਾ ਵਿੱਚ ਪ੍ਰਾਂਤਵਾਦ ਦਿਖਾਈ ਦਿੰਦਾ ਹੈ, ਜਿਹੜਾ ਕਿ ਰਾਸ਼ਟਰੀ ਏਕਤਾ ਵਿਚ ਬਹੁਤ ਵੱਡੀ ਰੁਕਾਵਟ ਹੈ।

### 2.2.5.5 ਸਮਾਜਿਕ ਅੰਤਰ (Social Difference)

ਭਾਰਤੀ ਸਮਾਜ, ਧਰਮ, ਜਾਤ, ਭਾਸ਼ਾ ਅਤੇ ਆਰਥਿਕਤਾ ਦੇ ਆਧਾਰ ਤੇ ਕਈ ਵਰਗਾਂ ਵਿਚ ਵੰਡਿਆ ਹੋਇਆ ਹੈ। ਇਨ੍ਹਾਂ ਵਰਗਾਂ ਵਿਚ ਸੰਘਰਸ਼ ਅਤੇ ਤਣਾਓ ਰਾਸ਼ਟਰੀ ਏਕਤਾ ਦੀ ਭਾਵਨਾ ਦੇ ਵਿਕਾਸ ਵਿਚ ਬਹੁਤ ਵੱਡੀ ਰੁਕਾਵਟ ਹੈ ਅਤੇ ਨਵੀਂ ਪੀੜ੍ਹੀ ਨੂੰ ਇਸ ਦੇ ਪ੍ਰਭਾਵ ਤੋਂ ਬਚਣਾ ਚਾਹੀਦਾ ਹੈ।

### 2.2.5.6 ਆਰਥਿਕ ਅੰਤਰ (Economic Differences)

ਸਾਡੇ ਦੇਸ਼ ਵਿਚ ਆਰਥਿਕ ਭਿੰਨਤਾ ਇੰਨੀ ਜ਼ਿਆਦਾ ਹੈ ਕਿ ਕੁਝ ਲੋਕ ਤਾਂ ਦੌਲਤ ਵਿਚ ਖੇਡਦੇ ਹਨ ਅਤੇ ਕਈਆਂ ਨੂੰ ਕਈ ਦਿਨਾਂ ਤੱਕ ਰੋਟੀ ਵੀ ਨਸੀਬ ਨਹੀਂ ਹੁੰਦੀ। ਅਮੀਰਾਂ ਅਤੇ ਗਰੀਬਾਂ ਵਿਚਲੀ ਖਾਈ ਵਧਦੀ ਜਾ ਰਹੀ ਹੈ। ਭੈੜੀਆਂ ਆਰਥਿਕ ਸਥਿਤੀਆਂ ਹਮੇਸ਼ਾਂ ਰਾਸ਼ਟਰ ਵਿਰੋਧੀ ਤੱਤਾਂ ਨੂੰ ਜਨਮ ਦਿੰਦੀਆਂ ਹਨ।

### 2.2.5.7 ਵੱਖ ਵੱਖ ਰਾਜਨੀਤਿਕ ਪਾਰਟੀਆਂ (Different Political Parties)

ਸਾਡੇ ਦੇਸ਼ ਵਿਚ ਕਈ ਰਾਜਨੀਤਿਕ ਪਾਰਟੀਆਂ ਹਨ। ਇਹ ਰਾਸ਼ਟਰੀ ਏਕਤਾ ਦੇ ਰਾਹ ਵਿਚ ਰੁਕਾਵਟ ਹਨ ਕਿਉਂਕਿ ਇਨ੍ਹਾਂ ਵਿਚੋਂ ਕਈ ਤਾਂ ਦੇਸ਼ ਦੀ ਏਕਤਾ ਲਈ ਕੰਮ ਕਰਦੀਆਂ ਹਨ ਅਤੇ ਕਈ ਦੇਸ਼ ਨੂੰ ਤਬਾਹੀ ਵੱਲ ਲੈ ਜਾਂਦੀਆਂ ਹਨ।

### 2.2.5.8 ਚੰਗੀ ਲੀਡਰਸ਼ਿਪ ਦੀ ਅਣਹੋਂਦ (Lack of Good Leadership)

ਲੋਕਤੰਤਰ ਦੀ ਸਫਲਤਾ ਚੰਗੇ ਲੀਡਰਾਂ ਤੇ ਨਿਰਭਰ ਕਰਦੀ ਹੈ। ਜਿਸ ਦੀ ਇਕ ਜਬਰਦਸਤ ਘਾਟ ਹੈ। ਸਾਡੇ ਬਹੁਤ ਸਾਰੇ ਲੀਡਰ ਸਵਾਰਥੀ ਤੇ ਅਨਪੜ੍ਹ ਹਨ। ਉਹ ਰਾਸ਼ਟਰੀ ਹਿੱਤ ਦੀ ਪਰਵਾਹ ਨਹੀਂ ਕਰਦੇ। ਉਨ੍ਹਾਂ ਨੇ ਦੇਸ਼ ਵਿਚ ਫਿਰਕਾਪ੍ਰਸਤੀ, ਜਾਤੀਵਾਦ, ਭਾਸ਼ਾਵਾਦ ਦੇ ਬੀਜ ਬੀਜੇ ਹਨ ਜਿਹੜੇ ਕਿ ਰਾਸ਼ਟਰੀ ਏਕਤਾ ਵਿਚ ਰੁਕਾਵਟ ਹਨ।

### 2.2.5.6 ਰਾਸ਼ਟਰੀ ਏਕਤਾ ਲਈ ਸਿੱਖਿਆ (Education for National Integration)

ਸਿੱਖਿਆ ਨੂੰ ਰਾਸ਼ਟਰੀ ਏਕਤਾ ਦਾ ਇਕ ਵੱਡਾ ਸਾਧਨ ਮੰਨਿਆ ਗਿਆ ਹੈ ਕਿਉਂਕਿ ਸਿੱਖਿਆ ਦੁਆਰਾ ਹੀ ਆਰਥਿਕ ਅਸਮਾਨਤਾਵਾਂ, ਜਾਤਾਪਾਤ ਦੇ ਬੰਧਨ ਅਤੇ ਲੋਕਾਂ ਵਿਚ ਪਈਆਂ ਕਈ ਪ੍ਰਕਾਰ ਦੀਆਂ ਖਾਈਆਂ ਨੂੰ ਦੂਰ ਕੀਤਾ ਜਾ ਸਕਦਾ ਹੈ, ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਲਈ ਸਿੱਖਿਆ ਮਹੱਤਵਪੂਰਨ ਅਤੇ ਜ਼ਰੂਰੀ ਸਾਧਨ ਹੈ। ਅਮਰੀਕਾ, ਇੰਗਲੈਂਡ, ਰੂਸ ਆਦਿ ਦੇਸ਼ਾਂ ਵਿਚ ਸੰਗਠਿਤ ਅਤੇ ਸ਼ਕਤੀਸ਼ਾਲੀ ਸਮਾਜ ਦੀ ਰਚਨਾ ਵਿੱਚ ਸਿੱਖਿਆ ਨੇ ਮਹਾਨ ਯੋਗਦਾਨ ਦਿੱਤਾ ਹੈ। ਭਾਰਤ ਵਿੱਚ ਰਾਸ਼ਟਰੀ ਏਕਤਾ ਨੂੰ ਮਜਬੂਤ ਕਰਨ ਲਈ ਵੀ ਸਿੱਖਿਆ ਮਹਾਨ ਯੋਗਦਾਨ ਪਾ ਸਕਦੀ ਹੈ।

ਡਾ. ਰਾਧਾ ਕ੍ਰਿਸ਼ਨਨ ਨੇ ਲਿਖਿਆ ਹੈ ਕਿ ਰਾਸ਼ਟਰੀ ਏਕਤਾ ਇੱਟਾਂ ਅਤੇ ਪੱਥਰਾਂ ਨਾਲ ਨਹੀਂ ਬਣਾਈ ਜਾ ਸਕਦੀ, ਨਾ ਹੀ ਛੈਣੀ ਜਾਂ ਹਥੋੜੇ ਨਾਲ ਘੜੀ ਜਾ ਸਕਦੀ ਹੈ। ਇਸ ਨੂੰ ਚੁਪ ਚਪੀਤੇ ਹੀ ਲੋਕਾਂ ਦੇ ਮਨਾਂ ਅਤੇ ਹਿਰਦਿਆਂ ਵਿਚ ਪੈਦਾ ਹੋਣਾ ਪਵੇਗਾ। ਇਸ ਦਾ ਕੇਵਲ ਇਕੋ ਹੀ ਢੰਗ ਹੈ, ਉਹ ਹੈ – ਸਿੱਖਿਆ ਦੇਣੀ।

ਇਸ ਲਈ ਸਿੱਖਿਆ ਹੀ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਰਾਸ਼ਟਰੀ ਏਕਤਾ ਅਤੇ ਭਾਵਨਾਤਮਿਕ ਏਕਤਾ ਦਾ ਵਿਕਾਸ ਹੋ ਸਕਦਾ ਹੈ।

### 2.2.6.1 ਰਾਸ਼ਟਰੀ ਸਿੱਖਿਆ ਨੀਤੀ (National Policy of Education)

ਰਾਸ਼ਟਰੀ ਭਾਵਨਾ ਦੇ ਵਿਕਾਸ ਲਈ ਇਕ ਸਿੱਖਿਆ ਨੀਤੀ ਹੋਣੀ ਚਾਹੀਦੀ ਹੈ। ਇਸ ਨੀਤੀ ਅਨੁਸਾਰ ਸਾਰੇ ਦੇਸ਼ ਵਿਚ ਪ੍ਰਾਇਮਰੀ ਤੋਂ ਲੈ ਕੇ ਯੂਨੀਵਰਸਿਟੀ ਤੱਕ ਇਕ ਹੀ ਸਿੱਖਿਆ ਪ੍ਰਣਾਲੀ ਹੋਣੀ ਚਾਹੀਦੀ ਹੈ। ਇਸ ਨਾਲ ਸਾਰੇ ਦੇਸ਼ਾਂ ਵਿਚ ਇਕ ਹੀ ਸਿਲੇਬਸ ਲਾਗੂ ਕੀਤਾ ਜਾ ਸਕਦਾ ਹੈ। ਹੇਠ ਲਿਖੀਆਂ ਗੱਲ੍ਹਾਂ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ –

1. ਵਿਦਿਅਕ ਸੰਸਥਾਵਾਂ ਵਿਚ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਯੋਗਤਾ ਬੁੱਧੀ ਅਨੁਸਾਰ ਦਾਖਲ ਕੀਤਾ ਜਾਣਾ ਚਾਹੀਦਾ ਹੈ। ਜਾਤੀ, ਧਰਮ ਜਾਂ ਫਿਰਕੇ ਦੇ ਆਧਾਰ ਤੇ ਨਹੀਂ।
2. ਉਨ੍ਹਾਂ ਸੰਸਥਾਵਾਂ ਨੂੰ ਮਾਨਤਾ ਨਹੀਂ ਦੇਣੀ ਚਾਹੀਦੀ ਜਿਥੇ ਪੱਖਪਾਤ ਅਤੇ ਸੰਪਰਦਾਇਕਤਾ ਨੂੰ ਉਤਸ਼ਾਹ ਮਿਲਦਾ ਹੋਵੇ।
3. ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਅਤੇ ਆਰਥਿਕ ਸਥਿਤੀ ਦੇ ਆਧਾਰ ਤੇ ਵਜੀਫੇ ਦੇਣੇ ਚਾਹੀਦੇ ਹਨ, ਜਾਤ, ਧਰਮ ਜਾਂ ਫਿਰਕੇ ਦੇ ਆਧਾਰ ਤੇ ਨਹੀਂ।
4. ਵਿਦਿਆਰਥੀਆਂ ਨੂੰ ਇਕ ਰਾਜ ਤੋਂ ਦੂਸਰੇ ਰਾਜ ਵਿਚ ਵਿਦਿਅਕ ਸੰਸਥਾਵਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਲਈ ਪੂਰੀ ਸਹੂਲਤ ਦਿੱਤੀ ਜਾਣੀ ਚਾਹੀਦੀ ਹੈ।

5. ਰਾਸ਼ਟਰੀ ਸਿੱਖਿਆ ਨੀਤੀ ਵਿਚ ਵਿਦਿਆਰਥੀਆਂ ਲਈ ਵੱਖ-ਵੱਖ ਰਾਜਾਂ ਦੇ ਸੈਰ ਸਪਾਟੇ ਦੀ ਥਾਂ ਹੋਣੀ ਚਾਹੀਦੀ ਹੈ ਤਾਂ ਕਿ ਵਿਦਿਆਰਥੀ ਦੂਜੇ ਰਾਜਾਂ ਦੇ ਰਹਿਣ ਸਹਿਣ, ਧਾਰਮਿਕ ਸਥਾਨਾਂ, ਰੀਤੀ ਰਿਵਾਜਾਂ ਆਦਿ ਬਾਰੇ ਜਾਣ ਸਕਣ।

## 2.2.6.2 ਸਿਲੇਬਸ ਦਾ ਪੁਨਰ-ਨਿਰਮਾਣ (Reconstruction of Syllabus)

ਰਾਸ਼ਟਰੀ ਏਕਤਾ ਦੇ ਵਿਕਾਸ ਲਈ ਸਿਲੇਬਸ ਦੀ ਪੁਨਰ ਰਚਨਾ ਹੋਣੀ ਚਾਹੀਦੀ ਹੈ। ਸਿਲੇਬਸ ਦੇ ਹਰ ਇਕ ਵਿਸ਼ੇ ਨੂੰ ਕੌਮੀ ਜਾਂ ਰਾਸ਼ਟਰੀ ਪ੍ਰਾਪਤੀਆਂ ਅਤੇ ਲੋੜਾਂ ਦੀ ਦ੍ਰਿਸ਼ਟੀ ਤੋਂ ਪੜ੍ਹਾਇਆ ਜਾਣਾ ਚਾਹੀਦਾ ਹੈ ।

1. ਇਤਿਹਾਸਕ ਅਤੇ ਭੂਗੋਲ ਰਾਸ਼ਟਰੀ ਭਾਵਨਾਵਾਂ ਦਾ ਤਾਣਾ-ਬਾਣਾ ਹੈ। ਰਾਸ਼ਟਰੀ ਇਤਿਹਾਸ ਦਾ ਗਿਆਨ ਦੇਣਾ ਚਾਹੀਦਾ ਹੈ। ਰਾਸ਼ਟਰੀ ਅੰਦੋਲਨ ਦਾ ਇਤਿਹਾਸ ਵੀ ਪੜ੍ਹਾਇਆ ਜਾਣਾ ਚਾਹੀਦਾ ਹੈ। ਇਤਿਹਾਸ ਵਾਂਗ ਭੂਗੋਲ ਵੀ ਰਾਸ਼ਟਰੀ ਦ੍ਰਿਸ਼ਟੀਕੋਣ ਤੋਂ ਪੜ੍ਹਾਇਆ ਜਾਣਾ ਚਾਹੀਦਾ ਹੈ।
2. ਨਾਗਰਿਕ ਸ਼ਾਸਤਰ ਰਾਸ਼ਟਰੀ ਏਕਤਾ ਦੇ ਪਹਿਲੂ ਤੋਂ ਪੜ੍ਹਾਇਆ ਜਾਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਵੱਖ-ਵੱਖ ਰਾਸ਼ਟਰੀ ਗਰੁੱਪਾਂ ਦੀ ਪਹਿਚਾਨ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।
3. ਰਾਸ਼ਟਰੀ ਵਿਚਾਰਾਂ ਤੋਂ ਭਰਪੂਰ ਰਾਸ਼ਟਰੀ ਸਾਹਿਤ ਲਾਜ਼ਮੀ ਵਿਸ਼ੇ ਦੇ ਰੂਪ ਵਿਚ ਪੜ੍ਹਾਇਆ ਜਾਣਾ ਚਾਹੀਦਾ ਹੈ।
4. ਰਾਸ਼ਟਰੀ ਜਾਗਰਤੀ ਅਤੇ ਰਾਸ਼ਟਰੀ ਏਕਤਾ ਦੇ ਵਿਕਾਸ ਲਈ ਕਲਾ ਅਤੇ ਸੰਗੀਤ ਵਰਗੇ ਵਿਸ਼ੇ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦੇ ਹਨ। ਕਲਾ ਸਭਿਆਚਾਰ ਨੂੰ ਪ੍ਰਗਟ ਕਰਦੀ ਹੈ।

5. ਇਤਿਹਾਸ ਅਤੇ ਭੂਗੋਲ ਨੂੰ ਰਾਸ਼ਟਰੀ ਭਾਵਨਾ ਨਾਲ ਪੜ੍ਹਾਇਆ ਜਾਣਾ ਚਾਹੀਦਾ ਹੈ। ਭਾਰਤ ਦੇ ਇਤਿਹਾਸ ਦੀਆਂ ਪੁਸਤਕਾਂ ਨੂੰ ਦੁਬਾਰਾ ਲਿਖਣ ਦੀ ਬਹੁਤ ਜ਼ਰੂਰਤ ਹੈ, ਜਿਨ੍ਹਾਂ ਵਿੱਚ ਵਰਤਮਾਨ ਸੰਗਠਤ ਭਾਰਤ ਨੂੰ ਬਣਾਉਣ ਵਾਲੀਆਂ ਸ਼ਕਤੀਆਂ ਅਤੇ ਉਹ ਘਟਨਾਵਾਂ ਜੋ ਵਿਚਾਰ ਦੇ ਵਖ ਵਖ ਰੂਪ ਅਤੇ ਜੀਵਨ ਦੇ ਵੱਖ ਵੱਖ ਢੰਗਾਂ ਵਿਚ ਸੰਯੋਗ ਅਤੇ ਵਿਯੋਗ ਲਿਆਉਣ ਉਹਨਾਂ ਬਾਰੇ ਵੇਰਵਾ ਦੇਣਾ ਚਾਹੀਦਾ ਹੈ। ਰਾਸ਼ਟਰੀ ਅੰਦੋਲਨਾਂ ਨੂੰ ਇਸ ਤਰ੍ਹਾਂ ਪੜ੍ਹਾਇਆ ਜਾਣਾ ਚਾਹੀਦਾ ਹੈ ਕਿ ਵਿਦਿਆਰਥੀਆਂ ਵਿਚ ਭਾਵਨਾਤਮਿਕ ਏਕਤਾ ਪੈਦਾ ਹੋਵੇ। ਭਾਵਨਾਤਮਿਕ ਏਕਤਾ ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਖੇਤਰੀ ਭਾਸ਼ਾ ਦੇ ਇਲਾਵਾ ਇਕ ਹੋਰ ਭਾਰਤੀ ਭਾਸ਼ਾ ਨੂੰ ਵੀ ਪਾਠ-ਕ੍ਰਮ ਵਿਚ ਲਾਜ਼ਮੀ ਵਿਸ਼ਾ ਬਣਾ ਦਿੱਤਾ ਗਿਆ ਹੈ ਕਿ ਉਤਰੀ ਭਾਰਤ ਵਿਚ ਲੋਕਾਂ ਨੂੰ ਇਕ ਦੱਖਣੀ ਭਾਰਤੀ ਭਾਸ਼ਾ ਸਿੱਖਣੀ ਚਾਹੀਦੀ ਹੈ ਅਤੇ ਦੱਖਣ ਦੇ ਲੋਕਾਂ ਨੂੰ ਉਤਰ ਭਾਰਤੀ ਭਾਸ਼ਾ।

## 2.2.6.3 ਪਾਠ-ਪੁਸਤਕਾਂ ਦਾ ਮੁੜ-ਨਿਰਮਾਣ (Redesigning of Text Books)

ਭਾਰਤੀ ਇਤਿਹਾਸ, ਭੂਗੋਲ, ਨਾਗਰਿਕ ਸ਼ਾਸਤਰ, ਸਾਹਿਤ, ਭਾਸ਼ਾਵਾਂ ਆਦਿ ਦੀਆਂ ਪੁਸਤਕਾਂ ਦਾ ਮੁੜ ਨਿਰਮਾਣ ਹੋਣਾ ਚਾਹੀਦਾ ਹੈ। ਇਨ੍ਹਾਂ ਨਾਲ ਵਿਦਿਆਰਥੀਆਂ ਨੂੰ ਭਾਰਤ ਵਿਚ ਲੋਕਾਂ ਦੀ ਇਤਿਹਾਸਕ, ਸਮਾਜਿਕ, ਸਭਿਆਚਾਰਕ, ਧਾਰਮਿਕ ਅਤੇ ਰਾਸ਼ਟਰੀ ਏਕਤਾ ਦੀ ਟਰੇਨਿੰਗ ਮਿਲਣੀ ਚਾਹੀਦੀ ਹੈ। ਰਾਸ਼ਟਰੀ ਏਕਤਾ ਦੀ ਕਮੇਟੀ ਅਨੁਸਾਰ ਸਕੂਲਾਂ ਅਤੇ ਕਾਲਜਾਂ ਦੇ ਲੜਕੇ ਲੜਕੀਆਂ ਲਈ ਅਧਿਐਨ

ਕਰਦੇ ਸਮੇਂ ਕੁਝ ਸਾਵਧਾਨੀਆਂ ਵੀ ਧਿਆਨ ਵਿੱਚ ਰਖਣੀਆਂ ਚਾਹੀਦੀਆਂ ਹਨ। ਕੇਂਦਰ ਸਰਕਾਰ ਨੂੰ ਇਸ ਉਦੇਸ਼ ਦੀ ਪੂਰਤੀ ਲਈ ਇਕ ਕਮੇਟੀ ਕਾਇਮ ਕਰਨੀ ਚਾਹੀਦੀ ਹੇ। ਉਨ੍ਹਾਂ ਵਿੱਚ ਰਾਸ਼ਟਰੀ ਅਤੇ ਪ੍ਰਾਦੇਸ਼ਿਕ ਨੇਤਾਵਾਂ ਦੀਆਂ ਜੀਵਨੀਆਂ ਤੇ ਪੁਸਤਕਾਂ ਤਿਆਰ ਕੀਤੀਆਂ ਜਾਣ ਜੋ ਆਪਣੇ ਰਾਸ਼ਟਰੀ ਦ੍ਰਿਸ਼ਟੀਕੋਣ ਲਈ ਪ੍ਰਸਿੱਧ ਹੋਣ।

### 2.2.6.4 ਪਾਠ ਸਹਾਇਕ ਕਿਰਿਆਵਾਂ ਦਾ ਪ੍ਰਬੰਧ (Organising Co-Curricular Activities)

ਵਿਦਿਅਕ ਸੰਸਥਾਵਾਂ ਨੂੰ ਰਾਸ਼ਟਰੀ ਅਤੇ ਭਾਵਨਾਤਮਿਕ ਏਕਤਾ ਦੇ ਵਿਕਾਸ ਲਈ ਹੇਠ ਲਿਖੀਆਂ ਸਹਾਇਕ ਪਾਠ ਕ੍ਰਿਆਵਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ :-

1. ਕੌਮੀ ਦਿਵਸ ਮਨਾਉਣੇ : ਸੁਤੰਤਰਤਾ ਦਿਵਸ, ਗਣਤੰਤਰ ਦਿਵਸ, ਸ਼ਹੀਦੀ ਦਿਵਸ ਵਰਗੇ ਕੌਮੀ ਤਿਉਹਾਰ ਅਤੇ ਮਹਾਂਪੁਰਖਾਂ ਦੇ ਜਨਮ ਦਿਨ ਸਾਰੇ ਦੇਸ਼ ਵਿਚ ਮਨਾਏ ਜਾਣੇ ਚਾਹੀਦੇ ਹਨ।
2. ਕੌਮੀ ਗੀਤ ਗਾਣਾ : ਸਕੂਲ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਹਰ ਰੋਜ਼ ਕੌਮੀ ਗੀਤ ਹੋਣਾ ਚਾਹੀਦਾ ਹੈ। ਕੌਮੀ ਗੀਤ ਦੇ ਅਰਥਾਂ ਬਾਰੇ ਵੀ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ ਚਾਹੀਦਾ ਹੈ।
3. ਕੌਮੀ ਝੰਡੇ ਦਾ ਮਾਣ : ਵਿਦਿਆਰਥੀਆਂ ਨੂੰ ਕੌਮੀ ਝੰਡੇ ਦਾ ਮਹੱਤਵ ਸਮਝਾਉਣਾ ਚਾਹੀਦਾ ਹੈ। ਝੰਡਾ ਲਹਿਰਾਉਂਦੇ ਸਮੇਂ ਅਪਣਾਏ ਜਾਣ ਵਾਲੇ ਨਿਯਮ ਵੀ ਸਮਝਾਉਣੇ ਚਾਹੀਦੇ ਹਨ।
4. ਕੌਮੀ ਨਿਸ਼ਾਨ ਦੀ ਇੱਜ਼ਤ : ਜਿਵੇਂ ਕੌਮੀ ਫੁੱਲ (ਕਮਲ) ਅਤੇ ਪੰਛੀ (ਮੋਰ) ਲਈ ਆਦਰ ਭਾਵਨਾ ਪੈਦਾ ਕਰਨੀ ਚਾਹੀਦੀ ਹੈ।
5. ਰਾਸ਼ਟਰੀ ਮਹੱਤਵ ਦੇ ਵਿਅਕਤੀਆਂ ਨੂੰ ਸੱਦਾ : ਰਾਸ਼ਟਰਵਾਦ ਅਤੇ ਰਾਸ਼ਟਰੀ ਏਕਤਾ ਤੇ ਭਾਸ਼ਣ ਦੇਣ ਲਈ ਰਾਸ਼ਟਰੀ ਮਹੱਤਵ ਦੇ ਵਿਅਕਤੀਆਂ ਨੂੰ ਸੱਦਣਾ ਚਾਹੀਦਾ ਹੈ।
6. ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਪਣੇ ਦੈਨਿਕ ਜੀਵਨ ਵਿਚ ਅਤੇ ਸਕੂਲਾਂ ਦੀਆਂ ਵੱਖ-ਵੱਖ ਕਾਰਵਾਈਆਂ ਵਿਚ ਰਾਸ਼ਟਰੀ ਭਾਸ਼ਾ ਦੀ ਵਧੇਰੇ ਵਰਤੋਂ ਕਰਨੀ ਚਾਹੀਦੀ ਹੈ।
7. ਸਿੱਖਿਆਦਾਇਕ ਫਿਲਮਾਂ ਦੀ ਪ੍ਰਦਰਸ਼ਨੀ ਅਤੇ ਰੇਡੀਓ ਭਾਸ਼ਨ : ਰਾਸ਼ਟਰੀ ਦ੍ਰਿਸ਼ਟੀਕੋਣ ਦੇ ਵਿਕਾਸ ਲਈ ਫਿਲਮਾਂ, ਅਖਬਾਰਾਂ ਅਤੇ ਰੇਡੀਓ ਵਰਗੇ ਸਾਧਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ।
8. ਮੇਲ ਮਿਲਾਪ ਅਤੇ ਰਾਸ਼ਟਰੀ ਏਕਤਾ ਲਈ ਸੇਮੀਨਾਰਾਂ, ਨਾਟਕਾਂ ਅਤੇ ਨੁਮਾਇਸ਼ਾਂ ਦੀ ਸਥਾਪਨਾ ਕਰਨੀ ਚਾਹੀਦੀ ਹੈ।
9. ਖੇਡਾਂ : ਅੰਤਰ ਰਾਜ ਆਧਾਰ ਤੇ ਖੇਡਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ।
10. ਵਿਦਿਅਕ ਯਾਤਰਾਵਾਂ ਅਤੇ ਸੈਰ ਸਪਾਟੇ : ਵਿਦਿਆਰਥੀਆਂ ਲਈ ਦੂਸਰੇ ਪ੍ਰਾਂਤਾਂ ਦੀ ਯਾਤਰਾ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਪ੍ਰਕਾਰ ਜਾਤ ਜਾਂ ਧਰਮ ਦੀਆਂ ਰੁਕਾਵਟਾਂ ਖ਼ਤਮ ਹੋ ਸਕਦੀਆਂ ਹਨ।

11. ਅਧਿਆਪਕ ਅਤੇ ਵਿਦਿਆਰਥੀਆਂ ਦਾ ਵਟਾਂਦਰਾ : ਇਸ ਨਾਲ ਉਨ੍ਹਾਂ ਨੂੰ ਦੇਸ਼ ਦੇ ਅੱਡ ਅੱਡ ਹਿੱਸਿਆਂ ਦੀ ਜਾਣ ਪਛਾਣ ਪ੍ਰਾਪਤ ਹੋ ਸਕਦੀ ਹੈ। ਉਨ੍ਹਾਂ ਵਿਚ ਦੂਸਰੇ ਪ੍ਰਾਂਤਾਂ ਦੇ ਲੋਕਾਂ ਲਈ ਮਿੱਤਰਤਾ ਅਤੇ ਪਰਸਪਰ ਆਦਰ ਦਾ ਵਿਕਾਸ ਹੋਵੇਗਾ।
12. ਅੰਤਰ-ਪ੍ਰਾਂਤੀ ਵਿਆਹਾਂ ਨੂੰ ਉਤਸ਼ਾਹ ਦੇਣਾ : ਇਸ ਨਾਲ ਵੀ ਭਾਵਨਾਤਮਿਕ ਅਤੇ ਰਾਸ਼ਟਰ ਏਕਤਾ ਦਾ ਵਿਕਾਸ ਹੋਵੇਗਾ।
13. ਬੱਚਿਆਂ ਵਿਚ ਭਾਵਨਾਤਮਿਕ ਏਕਤਾ ਪੈਦਾ ਕਰਨ ਲਈ ਸਕੂਲਾਂ ਵਿਚ ਰੋਜ਼ਾਨਾ ਸਵੇਰ ਦੀ ਸਭਾ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਸਭਾ ਵਿਚ ਯੋਗ ਅਧਿਆਪਕਾਂ ਜਾਂ ਕਿਸੇ ਮਾਨਯੋਗ ਮਹਿਮਾਨ ਵਲੋਂ ਦੱਸ ਮਿੰਟ ਦੀ ਗੱਲਬਾਤ ਹੋਣੀ ਚਾਹੀਦੀ ਹੈ। ਇਹ ਗੱਲਬਾਤ ਵਿਦਿਆਰਥੀ ਜੀਵਨ ਦੇ ਰੋਜ਼ਾਨਾ ਪੱਖ ਤੋਂ ਸਾਡੇ ਦੇਸ਼ ਦੇ ਬੀਤ ਚੁੱਕੇ ਸਮੇਂ ਅਤੇ ਵਰਤਮਾਨ ਮਹਾਨ ਨੇਤਾਵਾਂ ਦੀਆਂ ਪ੍ਰਾਪਤੀਆਂ ਤੇ ਵੱਖ ਵੱਖ ਪ੍ਰਦੇਸ਼ਾਂ ਦੇ ਲੋਕਾਂ ਦੇ ਜੀਵਨ ਤੋਂ ਸਾਡੇ ਰਾਸ਼ਟਰੀ ਜੀਵਨ ਦੇ ਸਮਾਜਿਕ ਅਤੇ ਰਾਜਨੀਤਿਕ ਪਹਿਲੂਆਂ ਤੇ ਹੋ ਸਕਦੀ ਹੈ।

## 2.2.7 ਸਿੱਟਾ (Summary)

ਦੇਸ਼ ਦੀ ਹੋਂਦ ਅਤੇ ਹਸਤੀ ਲਈ ਰਾਸ਼ਟਰੀ ਏਕਤਾ ਦੀ ਸਖਤ ਲੋੜ ਹੈ। ਕੌਮੀ ਏਕਤਾ ਤੇ ਹੀ ਲੋਕਤੰਤਰ ਦੀ ਸਫਲਤਾ ਨਿਰਭਰ ਕਰਦੀ ਹੈ। ਇਸ ਨੂੰ ਉਪਰ ਲਿਖੇ ਸਾਧਨਾਂ ਰਾਹੀਂ ਵਿਕਸਿਤ ਕੀਤਾ ਜਾ ਸਕਦਾ ਹੈ। ਕੌਮੀ ਏਕਤਾ ਅਤੇ ਭਾਵਨਾਤਮਿਕ ਏਕਤਾ ਤੋਂ ਬਿਨਾਂ ਭਾਰਤ ਦੇ ਭਵਿੱਖ ਵਿਚ ਸੁਧਾਰ ਕਰਨਾ ਅਸੰਭਵ ਹੈ।

## 2.2.8 ਸਵੈ ਮੁਲਾਂਕਣ ਪ੍ਰਸ਼ਨ (Self Evaluation Questions)

1. ਰਾਸ਼ਟਰੀ ਏਕਤਾ ਉਹ ਭਾਵਨਾ ਹੈ ਜਿਹੜੀ ਰਾਸ਼ਟਰ ਦੇ ਸ਼ਹਿਰੀਆਂ ਨੂੰ ਜੋੜਦੀ ਹੈ। ਹਾਂ/ਨਹੀਂ
2. ਰਾਸ਼ਟਰਵਾਦ ਦੇ ਸੁੱਚੇ ਅਰਥ ਹਨ ਆਪਣੇ ਦੇਸ਼ ਲਈ ਪਿਆਰ ਅਤੇ ਸ਼ਰਧਾ। ਹਾਂ/ਨਹੀਂ
3. ਜਾਤੀਵਾਦ ਰਾਸ਼ਟਰੀ ਏਕਤਾ ਦੇ ਰਾਹ ਵਿੱਚ ਕੋਈ ਰੁਕਾਵਟ ਨਹੀਂ। ਹਾਂ/ਨਹੀਂ
4. ਰਾਸ਼ਟਰੀ ਪੱਧਰ ਉਤੇ ਰਾਸ਼ਟਰੀ ਸੰਗਠਨ ਲਿਆਉਣ ਲਈ ਰਾਸ਼ਟਰੀ ਸੰਗਠਨ ਕਮੇਟੀ ਦੀ ਸਥਾਪਨਾ ਕੀਤੀ ਗਈ ਹੈ। ਹਾਂ/ਨਹੀਂ
5. ਆਰਥਿਕ ਅਸਮਾਨਤਾ ਰਾਸ਼ਟਰੀ ਏਕਤਾ ਦੇ ਰਸਤੇ ਦੀ ਰੁਕਾਵਟ ਨਹੀਂ ਹੈ। ਹਾਂ/ਨਹੀਂ

**ਕੁੰਜੀ :** (1) ਹਾਂ (2) ਹਾਂ (3) ਨਹੀਂ (4) ਹਾਂ (5) ਨਹੀਂ।

## 2.2.9 ਸੁਝਾਏ ਪ੍ਰਸ਼ਨ (Suggested Questions)

1. ਰਾਸ਼ਟਰੀ ਏਕਤਾ ਤੋਂ ਕੀ ਭਾਵ ਹੈ? ਵਿਦਿਆਰਥੀਆਂ ਵਿਚ ਰਾਸ਼ਟਰੀ ਏਕਤਾ ਦਾ ਵਿਕਾਸ ਕਰਨ ਲਈ ਸਿੱਖਿਆ ਦੀ ਕੀ ਭੂਮਿਕਾ ਹੋਣੀ ਚਾਹੀਦੀ ਹੈ?
2. ਰਾਸ਼ਟਰੀ ਏਕਤਾ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ ਤੇ ਚਾਨਣਾ ਪਾਓ।
3. ਰਾਸ਼ਟਰੀ ਏਕਤਾ ਲਈ ਸਿੱਖਿਆ ਕੀ ਭੂਮਿਕਾ ਨਿਭਾਅ ਸਕਦੀ ਹੈ?

## 2.2.10 ਸੁਝਾਈ ਪੁਸਤਕਾਂ ਦੀ ਸੂਚੀ (Suggested Books)


1. ਜੇ.ਐਸ.ਵਾਲੀਆਂ : ਸਿੱਖਿਆ ਦੇ ਸਿਧਾਂਤ ਅਤੇ ਵਿਧੀਆਂ
2. ਕੇ.ਕੇ. ਭਾਟੀਆ : ਸਿੱਖਿਆ ਦੇ ਸਿਧਾਂਤ ਅਤੇ ਵਿਧੀਆਂ
3. ਐਮ.ਆਰ.ਕਾਂਸਲ : ਸਿੱਖਿਆ ਦੇ ਸਿਧਾਂਤ
4. ਟੀ.ਐਸ.ਸੋਢੀ : ਸਿੱਖਿਅਕ ਫਲਸਫਾ ਅਤੇ ਸਮਾਜ – ਸ਼ਾਸਤਰ

**ਪਾਠ ਨੰ.: 2.3** **ਲੇਖਕ : ਡਾ. ਮਨਜੀਤ ਕੌਰ**

# ਅੰਤਰ ਰਾਸ਼ਟਰੀ ਸੂਝ ਬੂਝ ਲਈ ਸਿੱਖਿਆ

**ਪਾਠ ਦੀ ਬਣਤਰ (Structure of the Lesson)**


**2.3.1 ਉਦੇਸ਼** (Objectives)

**2.3.2 ਜਾਣਕਾਰੀ** (Introduction)

**2.3.3 ਅੰਤਰ-ਰਾਸ਼ਟਰੀ ਸੂਝ ਦੀ ਧਾਰਣਾ** (Concept of International Understanding)

**2.3.4 ਅੰਤਰ ਰਾਸ਼ਟਰੀ ਸੂਝ ਦੀ ਮਹੱਤਤਾ** (Importance of International Understanding)

**2.3.5 ਅੰਤਰ ਰਾਸ਼ਟਰੀ ਸੂਝ ਦੇ ਵਿਕਾਸ ਲਈ ਸਿੱਖਿਆ ਦਾ ਯੋਗਦਾਨ** (Contribution of Education for the Development of International Understanding)

2.3.5.1 ਦੂਜੇ ਦੇਸ਼ਾਂ ਬਾਰੇ ਸਹੀ ਜਾਣਕਾਰੀ (Exact Information about other countries)

2.3.5.2 ਯੂ.ਐਨ.ਓ. ਸਬੰਧੀ ਜਾਣਕਾਰੀ (Information about U.N.O.)

2.3.5.3 ਅੰਤਰ ਰਾਸ਼ਟਰੀ ਦਿਵਸ ਮਨਾਉਣੇ (Celebrating International Days)

2.3.5.4 ਸਭਿਆਚਾਰਕ ਵਟਾਂਦਰੇ (Cultural Exchanges)

2.3.5.5 ਸਕੂਲਾਂ ਦੇ ਵਾਤਾਵਰਣ (Environment of Schools)

2.3.5.6 ਲੋਕਤੰਤਰਿਕ ਕੀਮਤਾਂ ਦਾ ਵਿਕਾਸ (Development of Democratic Values)

2.3.5.7 ਸੁਤੰਤਰ ਚਿੰਤਨ ਸ਼ਕਤੀ ਦਾ ਵਿਕਾਸ (Development of Independent thinking powers)

**2.3.6 ਸਿੱਟਾ** (Summary)

**2.3.7 ਸਵੈ ਮੁਲਾਂਕਣ ਪ੍ਰਸ਼ਨ** (Self Evaluation Questions)

**2.3.8 ਸੁਝਾਏ ਪ੍ਰਸ਼ਨ** (Suggested Questions)

**2.3.9 ਸੁਝਾਈ ਪੁਸਤਕਾਂ ਦੀ ਸੂਚੀ** (Suggested Books)

**2.3.1 ਉਦੇਸ਼ (Objectives)** ਪਿਆਰੇ ਵਿਦਿਆਰਥੀਓ, ਇਸ ਪਾਠ ਵਿੱਚ ਤੁਸੀਂ ਹੇਠ ਲਿਖੇ ਉਦੇਸ਼ਾਂ ਬਾਰੇ ਸੂਝ ਪ੍ਰਾਪਤ ਕਰੋਗੇ।

(i) ਸੰਸਾਰ ਵਿੱਚ ਅਮਨ ਕਾਇਮ ਰਖਣਾ ਤੇ ਲੜਾਈਆਂ ਨੂੰ ਕਿਵੇਂ ਰੋਕ ਸਕਦੇ ਹੋ।

(ii) ਆਪਣੀ ਪ੍ਰਭੁਸਤਾ ਕਾਇਮ ਰਖਣ ਬਾਰੇ ਜਾਣ ਲਵੋਗੇ।

(iii) ਲੋਕਤੰਤਰੀ ਕੀਮਤਾਂ ਪੱਕੀਆਂ ਕਰਨ ਬਾਰੇ ਸੂਝ ਪ੍ਰਾਪਤ ਕਰ ਲਵੋਗੇ।

(iv) ਵਿਕਾਸ ਕਰ ਰਹੇ ਦੇਸ਼ਾਂ ਦੀ ਸਹਾਇਤਾ ਕਰਨ ਬਾਰੇ ਜਾਣਕਾਰੀ ਪ੍ਰਾਪਤ ਕਰੋਗੇ।

(v) ਦੂਜੇ ਦੇਸ਼ਾਂ ਨਾਲ ਸੁਖਾਵੇਂ ਸੰਬੰਧ ਬਨਾਉਣ ਬਾਰੇ ਜਾਣੋਗੇ।

(vi) ਸਰਬੱਤ ਦਾ ਭਲਾ ਮੰਗਣ ਦੀ ਮਹੱਤਤਾ ਬਾਰੇ ਜਾਣਕਾਰੀ ਹਾਸਿਲ ਕਰ ਸਕੋਗੇ।

(vii) ਸਾਇੰਸ ਦੀਆਂ ਖੋਜਾਂ ਤੇ ਟੈਕਨਾਲੋਜੀ ਦਾ ਲਾਭ ਫੈਲਾਉਣ ਬਾਰੇ ਜਾਣਕਾਰੀ ਪ੍ਰਾਪਤ ਕਰ ਲਵੋਗੇ।

### 2.3.2 ਜਾਣਕਾਰੀ (Introduction)

ਭਾਰਤ ਵਿੱਚ ਅੰਤਰਰਾਸ਼ਟਰੀ ਏਕਤਾ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖ ਦਿੱਤੀ ਸੀ ਜਦੋਂ ਉਨ੍ਹਾਂ ਨੇ ''ਸਰਬਤ ਦੇ ਭਲੇ'' ਦੀ ਅਵਾਜ਼ ਉਠਾਈ ਸੀ। ਅੱਜ ਦੇ ਯੁੱਗ ਵਿੱਚ ਸੰਸਾਰ ਦੇ ਸਾਰੇ ਦੇਸ਼ ਇਕ ਦੂਸਰੇ ਨਾਲ ਇਸ ਤਰ੍ਹਾਂ ਜੁੜੇ ਹੋਏ ਹਨ, ਕਿ ਕੋਈ ਵੀ ਦੇਸ਼ ਅਲੱਗ ਰਹਿ ਕੇ ਉਨਤੀ ਨਹੀਂ ਕਰ ਸਕਦਾ। ਸਾਰੇ ਦੇਸ਼ਾਂ ਦੀਆਂ ਲੋੜਾਂ, ਹਿੱਤਾਂ ਤੇ ਸਮੱਸਿਆਵਾਂ ਸਾਂਝੀਆਂ ਹਨ। ਇਸ ਲਈ ਸਹੀ ਅਰਥਾਂ ਵਿੱਚ ਇਹ ਕੌਮੀ ਨਾਗਰਿਕਤਾ ਦੀ ਥਾਂ ਵਿਸ਼ਵ ਨਾਗਰਿਕਤਾ ਦਾ ਯੁੱਗ ਹੈ। ਅੱਜ ਕਿਸੇ ਦੇਸ਼ ਦਾ ਨਾਗਰਿਕ ਉਸ ਦੇਸ਼ ਦਾ ਨਾਗਰਿਕ ਹੀ ਨਹੀਂ ਸਗੋਂ ਉਹ ਸਮੁੱਚੇ ਸੰਸਾਰ ਦਾ ਨਾਗਰਿਕ ਹੈ। ਵਿਸ਼ਵ ਦਾ ਨਾਗਰਿਕ ਹੋਣ ਦੇ ਨਾਤੇ ਹਰ ਵਿਅਕਤੀ ਵਿਚ ਇਹ ਭਾਵਨਾ ਹੋਣੀ ਚਾਹੀਦੀ ਹੈ ਕਿ ਉਹ ਮਾਨਸਿਕ ਤੇ ਭਾਵਨਾਤਮਕ ਦ੍ਰਿਸ਼ਟੀਕੌਣ ਤੋਂ ਇਸ ਨਾਗਰਿਕਤਾ ਸਬੰਧੀ ਜਿੰਮੇਵਾਰੀ ਨੂੰ ਨਿਭਾਉਣ ਲਈ ਹਮੇਸ਼ਾਂ ਤਿਆਰ ਰਹੇ। ਇਸ ਕਾਰਜ ਲਈ ਸਿੱਖਿਆ ਸਭ ਤੋਂ ਮਹੱਤਵਪੂਰਨ ਯੋਗਦਾਨ ਪਾ ਸਕਦੀ ਹੈ।

### 2.2.3 ਅੰਤਰ-ਰਾਸ਼ਟਰੀ ਸੂਝ ਦੀ ਧਾਰਣਾ (Concept of International Understanding)

ਅੰਤਰ-ਰਾਸ਼ਟਰੀ ਸੂਝ ਤੋਂ ਭਾਵ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਵਿੱਚ ਇੱਕ ਦੂਜੇ ਦੀ ਨਾਗਰਿਕਤਾ ਲਈ ਹਮਦਰਦੀ ਤੇ ਪਿਆਰ ਦੀ ਭਾਵਨਾ ਉਪਜਾਉਣਾ ਹੈ। ਇਸ ਲਈ ਵਰਤਮਾਨ ਜੀਵਨ ਦੀਆਂ ਜਟਿਲ ਸਥਿਤੀਆਂ ਨਾਲ ਸਬੰਧਿਤ ਜਿੰਮੇਵਾਰੀਆਂ ਨੂੰ ਨਿਭਾਉਣ ਲਈ ਮਨੁੱਖ ਨੂੰ ਪ੍ਰਾਂਤਵਾਦ ਜਾਂ ਰਾਸ਼ਟਰਵਾਦ ਤੋਂ ਉਪਰ ਉਠ ਕੇ ਮਾਨਵਵਾਦੀ ਨਜ਼ਰੀਏ ਨੂੰ ਅਪਨਾਉਣਾ ਜ਼ਰੂਰੀ ਹੋ ਗਿਆ ਹੈ। ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਇਕ ਦੇਸ਼ ਦੇ ਨਾਗਰਿਕ ਦੂਜੇ ਦੇ ਨਾਗਰਿਕਾਂ ਸਬੰਧੀ ਪੂਰਣ ਜਾਣਕਾਰੀ ਰੱਖਣ ਤਾਂ ਜੋ ਔਕੜ ਵੇਲੇ ਲੋੜ੍ਹ ਅਨੁਸਾਰ ਅੰਤਰਰਾਸ਼ਟਰੀ ਪੱਧਰ ਤੇ ਸਹਾਇਤਾ ਦਿੱਤੀ ਜਾ ਸਕੇ।

ਡਾ. ਐਚ.ਸੀ.ਲੂਈਸ (H.C. Lewis) ਜੋ ਯੂਨੈਸਕੋ ਦੇ ਡਿਪਟੀ ਡਾਇਰੈਕਟਰ ਜਨਰਲ ਦਾ ਕੰਮ ਕਰਦੇ ਰਹੇ ਸਨ, ਦੇ ਸ਼ਬਦਾਂ ਵਿੱਚ 'ਅੰਤਰ-ਰਾਸ਼ਟਰੀ ਸੂਝ ਇਕ ਕਿਸਮ ਦੀ ਯੋਗਤਾ ਹੈ ਜਿਸ ਦੇ ਅਨੁਸਾਰ

ਲੋਕ ਹਰ ਥਾਂ ਦੇ ਰਾਸ਼ਟਰੀਅਤਾ ਅਤੇ ਸਭਿਆਚਾਰ ਦੇ ਭੇਦ-ਭਾਵ ਤੋਂ ਬਿਨਾਂ ਇਕ ਦੂਸਰੇ ਦੇ ਵਰਤਾਓ ਦਾ ਆਲੋਚਨਾਤਮਕ ਅਤੇ ਨਿਰਪੱਖ ਨਿਰੀਖਣ ਅਤੇ ਮੁਲਾਂਕਣ ਕਰਦੇ ਹਨ। ਇਸ ਦੇ ਵਾਸਤੇ ਆਪਣੇ ਸਭਿਆਚਾਰ ਅਤੇ ਰਾਸ਼ਟਰੀ ਮੋਹ ਨੂੰ ਛੱਡਣ ਦੀ ਯੋਗਤਾ ਹੋਣੀ ਚਾਹੀਦੀ ਹੈ ਅਤੇ ਬਹੁਤ ਸਾਰੇ ਦੇਸ਼ਾਂ, ਸਭਿਆਚਾਰਾਂ ਅਤੇ ਜਾਤੀਆਂ ਦੇ ਲੋਕਾਂ ਨੂੰ ਇਸ ਧਰਤੀ ਤੇ ਰਹਿਣ ਵਾਲੇ ਵੱਖ-ਵੱਖ ਮਨੁੱਖੀ ਜੀਵ ਸਮਝ ਕੇ ਉਹਨਾਂ ਨੂੰ ਇਕੋ ਜਿਹਾ ਮਹੱਤਵ ਦੇਣਾ ਚਾਹੀਦਾ ਹੈ।

ਭਾਰਤ ਵਿੱਚ ਵੀ ਭਾਵੇਂ ਅੰਤਰ-ਰਾਸ਼ਟਰੀ ਭਾਵਨਾ ਮੁੱਢ ਤੋਂ ਹੀ ਪਾਈ ਜਾਂਦੀ ਹੈ, ਪ੍ਰੰਤੂ ਲੋੜ ਹੈ ਇਸ ਨੂੰ ਮੁੜ ਉਜਾਗਰ ਕਰਨ ਦੀ, ਜਿਹੜੀ ਕਿ ਵਿਦੇਸ਼ੀ ਰਾਜ ਕਾਰਣ ਢਹਿ ਢੇਰੀ ਹੋ ਚੁੱਕੀ ਹੈ। ਇਸ ਸਬੰਧੀ ਕੋਠਾਰੀ ਕਮਿਸ਼ਨ ਨੇ ਸੁਝਾਅ ਦਿੱਤਾ ਹੈ ਕਿ ਸਾਨੂੰ ਸਾਡੇ ਮਾਨਵੀ ਵਿਸ਼ਿਆਂ ਤੇ ਸਮਾਜਿਕ ਵਿਗਿਆਨਾਂ ਦੇ ਅਧਿਐਨਾਂ ਨੂੰ ਇਸ ਤਰ੍ਹਾਂ ਸੇਧ ਦੇਣੀ ਚਾਹੀਦੀ ਹੈ ਕਿ ਵਿਦਿਆਰਥੀ ਆਪਣੇ ਦੇਸ਼ ਦੇ ਚੰਗੇ ਅਤੇ ਕਾਰਜਸ਼ੀਲ ਨਾਗਰਿਕ ਬਣਨ ਦੇ ਨਾਲ ਨਾਲ ਬਾਹਰੀ ਦੁਨੀਆਂ ਦੀਆਂ ਮਹੱਤਵਪੂਰਨ ਗੱਲ੍ਹਾਂ ਬਾਰੇ ਜ਼ਰੂਰੀ ਜਾਣਕਾਰੀ ਪ੍ਰਾਪਤ ਕਰ ਸਕਣ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਅੰਤਰਰਾਸ਼ਟਰੀ ਸੂਝ ਨੂੰ ਵਿਸ਼ਵ-ਨਾਗਰਿਕਤਾ ਦੇ ਬਰਾਬਰ ਸਮਝਿਆ ਜਾਂਦਾ ਹੈ।

## 2.3.4 ਅੰਤਰ ਰਾਸ਼ਟਰੀ ਸੂਝ ਦੀ ਮਹੱਤਤਾ (Importance of International Understanding)

ਸੰਸਾਰ ਦੇ ਹਰ ਖੇਤਰ ਵਿੱਚ ਇਤਿਹਾਸਕ, ਭੂਗੋਲਿਕ, ਵਿਗਿਆਨਕ ਅਤੇ ਤਕਨੀਕੀ ਸ਼ਕਤੀਆਂ ਆਦਿ ਦੇ ਪ੍ਰਭਾਵ ਸਦਕਾ ਦੁਨੀਆਂ ਬਹੁਤ ਛੋਟੀ ਪ੍ਰਤੀਤ ਹੋਣ ਲੱਗ ਪਈ ਹੈ। ਸਮਾਂ ਅਤੇ ਫਾਸਲਾ ਹੁਣ ਅੰਤਰ-ਰਾਸ਼ਟਰੀ ਸੰਪਰਕ ਅਤੇ ਮੇਲ ਜੋਲ ਵਿਚ ਕੋਈ ਵਿਸ਼ੇਸ਼ ਰੁਕਾਵਟ ਨਹੀਂ ਪਾ ਸਕਦਾ। ਅੱਜ ਵਿਸ਼ਵ ਦੇ ਦੇਸ਼ ਇਕ ਦੂਸਰੇ ਉਤੇ ਵਧੇਰੇ ਨਿਰਭਰ ਹਨ ਅਤੇ ਉਹਨਾਂ ਵਿਚ ਡੂੰਘੇ ਅੰਤਰ ਸਬੰਧ ਹਨ। ਇਸ ਲਈ ਅੰਤਰ-ਰਾਸ਼ਟਰੀ ਸੂਝ ਦੀ ਮਹੱਤਤਾ ਵੀ ਦਿਨ ਪ੍ਰਤੀ ਦਿਨ ਵਧ ਰਹੀ ਹੈ। ਵਿੰਡਲ ਵਿਲਕੀ (Windell Willkie) ਨੇ ਇਸ ਸਬੰਧ ਵਿਚ ਕਿਹਾ ਹੈ ਕਿ 'ਅਸੀਂ ਇਕ ਅਖੰਡ ਸੰਸਾਰ ਦੇ ਵਾਸੀ ਹਾਂ। ਅੱਜ ਜੇ ਕੋਈ ਕਹਿਰ ਜਾਂ ਕਾਲ ਪੈ ਜਾਂਦਾ ਹੈ ਤਾਂ ਉਹ ਜਗਤ ਕਹਿਰ ਬਣ ਜਾਂਦਾ ਹੈ, ਜੇ ਕੋਈ ਜੰਗ ਛਿੜਦੀ ਹੈ ਤਾਂ ਉਹ ਸੰਸਾਰ ਯੁੱਧ ਦਾ ਰੂਪ ਧਾਰ ਲੈਂਦੀ ਹੈ।

ਇਸ ਪ੍ਰਸੰਗ ਵਿੱਚ ਕੇ.ਜੀ.ਸਈਦੈਨ (K.G.Saiyadain) ਨੇ ਲਿਖਿਆ ਹੈ ਕਿ ਜੇ ਕੋਈ ਲੜਾਈ ਯੂਰਪ ਵਿੱਚ ਛਿੜਦੀ ਹੈ ਤਾਂ 30 ਲੱਖ ਬੰਗਾਲੀ ਭੁੱਖ ਦੇ ਕਾਰਣ ਮਰ ਜਾਂਦੇ ਹਨ ਅਤੇ ਅਨੇਕਾਂ ਬੰਦੇ ਘਰੋ ਬੇਘਰ ਹੋ ਜਾਂਦੇ ਹਨ। ਅਨੇਕਾਂ ਆਪਣੇ ਕਾਰ ਵਿਹਾਰ ਤੋਂ ਹਰ ਅਜਿਹੀ ਚੀਜ਼ ਤੋਂ ਵਾਂਝੇ ਰਹਿ ਜਾਂਦੇ ਹਨ, ਜਿਹੜੀ ਜੀਵਨ ਨੂੰ ਸੁਖਦਾਈ, ਸਰੇਸ਼ਠ ਅਤੇ ਭਾਵਪੂਰਨ ਬਣਾਉਂਦੀ ਹੈ। ਜੇ ਲੜਾਈ ਇਸਰਾਈਲ ਅਤੇ ਅਰਬ ਦੇਸ਼ਾਂ ਵਿੱਚ ਛਿੜਦੀ ਹੈ ਤਾਂ ਤਣਾਓ ਰੂਸ ਅਤੇ ਅਮਰੀਕਾ ਵਿਚ ਵਧ ਜਾਂਦਾ ਹੈ ਅਤੇ ਪੈਟਰੋਲ ਦੁਨੀਆਂ ਦੇ ਕਈ ਦੇਸ਼ਾਂ ਤੋਂ ਉਪਰੰਤ ਭਾਰਤ ਵਿਚ ਵੀ ਮਹਿੰਗਾ ਹੋ ਜਾਂਦਾ ਹੈ ਅਤੇ ਸਾਰੇ ਸੰਸਾਰ ਲਈ ਇਕ ਗੰਭੀਰ ਸਮੱਸਿਆ ਬਣ ਜਾਂਦੀ ਹੈ।

ਅੰਤਰ-ਰਾਸ਼ਟਰੀ ਸੂਝ ਦੀ ਮਹੱਤਤਾ ਦਾ ਸਭ ਤੋਂ ਪ੍ਰਮੁੱਖ ਕਾਰਣ ਸੰਸਾਰ ਦੇ ਯੁੱਧਾਂ ਨੂੰ ਰੋਕਣਾ ਹੈ। ਕਿਉਂਕਿ ਆਧੁਨਿਕ ਹਥਿਆਰਾ ਨਾਲ ਜੇ ਤੀਸਰਾ ਯੁੱਧ ਲੜਿਆ ਗਿਆ ਤਾਂ ਆਧੁਨਿਕ ਸਭਿਅਤਾ ਅਤੇ ਮਾਨਵਤਾ ਬਿਲਕੁਲ ਤਬਾਹ ਹੋ ਜਾਵੇਗੀ। ਨਾਗਾਸਾਕੀ ਅਤੇ ਹੀਰੋਸੀਮਾ ਦੀ ਭਿਆਨਕ ਲੜਾਈ ਦੀ ਯਾਦ ਅੱਜ ਤੱਕ ਆਧੁਨਿਕ ਪੀੜ੍ਹੀ ਦੇ ਮਨਾਂ ਵਿਚ ਸਪੱਸ਼ਟ ਹੈ। ਜੇ ਸੰਸਾਰ ਵਿੱਚ ਸ਼ਾਂਤੀ ਅਤੇ ਖੁਸ਼ਹਾਲੀ ਲਿਆਉਣੀ ਹੈ ਤਾਂ

ਸੰਸਾਰ ਦੇ ਲੋਕਾਂ ਨੂੰ ਮਿਲ ਕੇ ਜੀਉਣਾ ਅਤੇ ਮਰਨਾ ਪਵੇਗਾ। ਇਸ ਸਬੰਧ ਵਿੱਚ ਪੰਡਿਤ ਨਹਿਰੂ ਨੇ ਕਿਹਾ ਹੈ ਕਿ 'ਅੱਡ ਰਹਿਣ ਦਾ ਅਰਥ ਹੈ ਪਿਛੜਾਪਣ ਅਤੇ ਤਬਾਹੀ। ਸੰਸਾਰ ਬਦਲ ਚੁੱਕਾ ਹੈ। ਪੁਰਾਣੀਆਂ ਦੀਵਾਰਾਂ ਢਹਿ ਢੇਰੀ ਹੋ ਰਹੀਆਂ ਹਨ ਅਤੇ ਜੀਵਨ ਅੰਤਰ ਰਾਸ਼ਟਰੀ ਬਣਦਾ ਜਾ ਰਿਹਾ ਹੈ। ਇਸ ਅੰਤਰ-ਰਾਸ਼ਟਰੀਵਾਦ ਵਿੱਚ ਅਸੀਂ ਵੀ ਆਪਣਾ ਫਰਜ਼ ਨਿਭਾਉਣਾ ਹੈ।

ਅੰਤਰਰਾਸ਼ਟਰੀ ਸੂਝ ਦੀ ਮਹੱਤਤਾ ਇਸ ਕਰਕੇ ਵੀ ਹੈ ਕਿ ਸਾਰੇ ਸੰਸਾਰ ਵਿਚ ਅਸ਼ਾਂਤੀ ਵਧ ਰਹੀ ਹੈ। ਪਰੰਤੂ ਇਸ ਸਬੰਧ ਵਿੱਚ ਟੈਗੋਰ ਦਾ ਵਿਚਾਰ ਹੈ ਕਿ ਸਾਰਾ ਸੰਸਾਰ ਸ਼ਾਂਤੀ ਚਾਹੁੰਦਾ ਹੈ। ਭਾਵੇਂ ਉਪਰੋਂ ਸੰਸਾਰ ਦੇ ਦੇਸ਼ਾਂ ਵਿੱਚ ਖਿਚਾਅ ਹੈ ਪਰ ਤਾਂ ਵੀ ਲੋਕਾਂ ਦੇ ਮਨਾਂ ਵਿੱਚ ਅੰਤਰ-ਰਾਸ਼ਟਰੀ ਭਾਵਨਾ ਦਾ ਜਨਮ ਹੋ ਰਿਹਾ ਹੈ। ਇਸ ਖਿਚਾਅ ਅਤੇ ਖਿਚੋਤਾਣ ਨੂੰ ਰੋਕਣ ਲਈ ਉਨ੍ਹਾਂ ਕੀਮਤਾਂ ਦਾ ਵਿਕਾਸ ਕਰਨ ਦਾ ਯਤਨ ਕਰਨਾ ਚਾਹੀਦਾ ਹੈ, ਜਿਹੜੀਆਂ ਸਾਰੇ ਸੰਸਾਰ ਵਿਚ ਸਰਬ-ਵਿਆਪੀ ਹਨ ਪਰ ਪ੍ਰਸਪਰ ਖਿਚੋਤਾਣ ਕਾਰਨ ਮਿਟਦੀਆਂ ਜਾ ਰਹੀਆਂ ਹਨ।

ਸੰਸਾਰ ਦੇ ਸਾਰੇ ਦੇਸ਼ਾਂ ਦੀਆਂ ਸਮੱਸਿਆਵਾਂ ਸਾਂਝੀਆਂ ਹਨ। ਕੋਈ ਇਕੱਲਾ ਦੇਸ਼ ਦੂਜੇ ਦੇਸ਼ਾਂ ਤੋਂ ਵੱਖ ਹੋ ਕੇ ਆਪਣੀਆਂ ਸਮੱਸਿਆਵਾਂ ਦਾ ਹੱਲ ਨਹੀਂ ਲੱਭ ਸਕਦਾ। ਜਿਸ ਤਰ੍ਹਾਂ ਬੰਗਲਾ ਦੇਸ਼ ਆਜ਼ਾਦ ਹੋਣ ਤੇ ਲਗਭਗ ਸਾਰੇ ਦੇਸ਼ਾਂ ਨੇ ਉਸ ਦੀ ਮਦਦ ਕੀਤੀ। ਇਸੇ ਤਰ੍ਹਾਂ ਵਿਕਸਿਤ ਦੇਸ਼ਾਂ ਵਲੋਂ ਵਿਕਾਸ ਕਰ ਰਹੇ ਦੇਸ਼ਾਂ ਨੂੰ ਮਾਲੀ ਅਤੇ ਤਕਨੀਕੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ, ਕਿਉਂਕਿ ਸਾਰੇ ਦੇਸ਼ਾਂ ਦੇ ਰਾਸ਼ਟਰੀ ਹਿੱਤ ਸਾਂਝੇ ਹਨ ਅਤੇ ਮਨੁੱਖੀ ਸਮੱਸਿਆਵਾ ਦੀ ਦੇਸ਼ਾਂ ਵਿਚਕਾਰ ਵੰਡ ਨਹੀਂ ਕੀਤੀ ਜਾ ਸਕਦੀ। ਇਸ ਲਈ ਸਾਰੇ ਸੰਸਾਰ ਦੀਆਂ ਸਮੱਸਿਆਵਾਂ ਸਮੁੱਚੇ ਰੂਪ ਵਿਚ ਹੀ ਹੱਲ ਕੀਤੀਆਂ ਜਾ ਸਕਦੀਆਂ ਹਨ।

ਆਧੁਨਿਕ ਯੁੱਗ ਵਿੱਚ ਸਭਿਆਚਾਰਕ ਵਿੱਥ ਨੂੰ ਦੂਰ ਕਰਨਾ ਬਹੁਤ ਜ਼ਰੂਰੀ ਹੋ ਗਿਆ ਹੇ। ਇਕ ਦੇਸ਼ ਦੇ ਸਭਿਆਚਾਰ ਦਾ ਪ੍ਰਭਾਵ ਦੂਜੇ ਦੇਸ਼ਾਂ ਦੇ ਸਭਿਆਚਾਰ ਤੇ ਪ੍ਰਤੱਖ ਹੀ ਪੈਂਦਾ ਹੈ। ਜੇਕਰ ਇਕ ਸਭਿਆਚਾਰ ਨੂੰ ਉਸ ਦੇਸ਼ ਦੀਆਂ ਸੀਮਾਵਾਂ ਵਿਚ ਹੀ ਰਖਿਆ ਜਾਵੇ, ਉਸ ਦਾ ਵਿਕਾਸ ਸਹੀ ਦਿਸ਼ਾ ਵਿਚ ਨਹੀਂ ਹੋ ਸਕੇਗਾ। ਇਸੇ ਤਰ੍ਹਾਂ ਗਿਆਨ ਦਾ ਵਿਕਾਸ ਦੇਸ਼ਾਂ ਵਿਚਕਾਰ ਤੁਲਨਾਤਮਕ ਅਧਿਐਨ ਤੋਂ ਵਧੇਰੇ ਚੰਗੀ ਤਰ੍ਹਾਂ ਹੋ ਸਕਦਾ ਹੈ। ਜਿਸ ਤਰ੍ਹਾਂ ਕਿਸੇ ਦੇਸ਼ ਵਿਚ ਡਾਕਟਰੀ ਵਿਗਿਆਨ ਵਿਚ ਕੀਤੀਆਂ ਖੋਜਾਂ ਦੂਜੇ ਦੇਸ਼ਾਂ ਵਿਚ ਮਨੁੱਖੀ ਭਲਾਈ ਲਈ ਵਰਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਸੰਸਾਰ ਦੇ ਦੇਸ਼ ਕੁਦਰਤੀ ਸਾਧਨਾਂ ਕਰਕੇ ਜਾਂ ਉਦਯੋਗਿਕ ਪ੍ਰਗਤੀ ਕਾਰਨ ਇਕ ਦੂਜੇ ਤੇ ਨਿਰਭਰ ਹਨ। ਕੋਈ ਦੇਸ਼ ਆਪਣਾ ਕੱਚਾ ਮਾਲ ਦੂਜੇ ਦੇਸ਼ਾਂ ਨੂੰ ਦਿੰਦਾ ਹੈ ਅਤੇ ਬਣਿਆ ਮਾਲ ਪ੍ਰਾਪਤ ਕਰਦਾ ਹੈ ਅਤੇ ਕੋਈ ਦੇਸ਼ ਆਪਣੀਆਂ ਤਿਆਰ ਕੀਤੀਆਂ ਚੀਜਾਂ ਨੂੰ ਬਾਕੀ ਦੇਸ਼ਾਂ ਵਿਚ ਭੇਜਦਾ ਹੈ। ਲੋੜ ਤੋਂ ਵਾਧੂ ਵਸਤਾਂ ਦੀ ਖਪਤ ਲਈ ਰਾਸ਼ਟਰਾਂ ਨੂੰ ਹੋਰ ਰਾਸ਼ਟਰਾਂ ਦੀ ਭਾਲ ਕਰਨੀ ਪੈਂਦੀ ਹੈ। ਸਾਰੇ ਦੇਸ਼ਾਂ ਦੀ ਆਪਸੀ ਨਿਰਭਰਤਾ ਕਾਰਨ ਹੀ ਅੰਤਰ-ਰਾਸ਼ਟਰੀ ਸੂਝ ਦੀ ਬਹੁਤ ਲੋੜ ਹੈ।

## 2.3.5 ਅੰਤਰ ਰਾਸ਼ਟਰੀ ਸੂਝ ਦੇ ਵਿਕਾਸ ਲਈ ਸਿੱਖਿਆ ਦਾ ਯੋਗਦਾਨ (Contribution of Education for the Development of International Understanding)

ਅੰਤਰ-ਰਾਸ਼ਟਰੀ ਸੂਝ ਸਮਾਜਿਕ ਵਿਗਿਆਨ ਦਾ ਖਾਸ ਕਰਕੇ ਸਿੱਖਿਆ ਸਮਾਜ-ਸ਼ਾਸਤਰ ਦਾ ਇੱਕ ਮਹੱਤਵਪੂਰਨ ਵਿਸ਼ਾ ਹੈ। ਮਨਾਂ ਵਿਚ ਪਈਆਂ ਵਿਥਾਂ ਸਿੱਖਿਆ ਦੁਆਰਾ ਦੂਰ ਕੀਤੀਆਂ ਜਾ ਸਕਦੀਆਂ ਹਨ ਤਾਂ ਜੋ ਵੱਖ ਵੱਖ ਦੇਸ਼ਾਂ ਦੇ ਨਾਗਰਿਕਾਂ ਦੇ ਮਨਾਂ ਵਿਚ ਇਕ ਸਾਂਝ ਪੈਦਾ ਕੀਤੀ ਜਾ ਸਕੇ। ਇਸ

ਸਬੰਧ ਵਿੱਚ ਬਰਟਰੈਡ ਰਸਲ (Bertrand Russel) ਨੇ ਠੀਕ ਹੀ ਕਿਹਾ ਹੈ ਕਿ ਹੋ ਸਕਦਾ ਹੈ ਕਿ ਸਿੱਖਿਆ ਰਾਜਨੀਤਿਕ ਦ੍ਰਿਸ਼ਟੀ ਤੋਂ ਅੰਤਰ-ਰਾਸ਼ਟਰਵਾਦ ਨਾ ਲਿਆ ਸਕੇ ਪਰ ਸਿੱਖਿਆ ਹੀ ਇਕ ਅਜਿਹਾ ਸਾਧਨ ਹੈ ਜਿਸ ਨਾਲ ਅੰਤਰ ਰਾਸ਼ਟਰੀ ਭਾਵਨਾ ਨੂੰ ਵਿਕਸਿਤ ਕਰਨਾ ਸੰਭਵ ਹੈ। ਇਸ ਲਈ ਸਿੱਖਿਆ ਦੀ ਇਸ ਤਰ੍ਹਾਂ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ ਕਿ ਅੰਤਰ ਰਾਸ਼ਟਰੀ ਸੂਝ ਦਾ ਵਿਕਾਸ ਹੋ ਸਕੇ। ਹੇਠ ਲਿਖੀਆਂ ਵਿਧੀਆਂ ਅਨੁਸਾਰ ਸਿੱਖਿਆ ਅੰਤਰ ਰਾਸ਼ਟਰੀ ਸੂਝ ਨੂੰ ਉਤਸਾਹਿਤ ਕਰਨ ਵਿਚ ਸਹਾਇਕ ਹੋ ਸਕਦੀ ਹੈ।

### 2.3.5.1 ਦੂਜੇ ਦੇਸ਼ਾਂ ਬਾਰੇ ਸਹੀ ਜਾਣਕਾਰੀ (Exact Information about other countries)

ਜਦੋਂ ਤੱਕ ਕਿਸੇ ਇਕ ਦੇਸ਼ ਦੇ ਨਾਗਰਿਕ ਦੂਸਰੇ ਦੇਸ਼ਾਂ ਦੇ ਲੋਕਾਂ ਬਾਰੇ ਨਹੀਂ ਜਾਨਣਗੇ ਉਦੋਂ ਤੱਕ ਉਨ੍ਹਾਂ ਦੇ ਮਨਾਂ ਵਿੱਚ ਸਾਂਝ ਨਹੀਂ ਪੈਦਾ ਕੀਤੀ ਜਾ ਸਕਦੀ। ਇਸ ਲਈ ਸਕੂਲਾਂ ਦੇ ਪਾਠ ਕ੍ਰਮ ਵਿਚ ਦੂਜੇ ਦੇਸ਼ਾਂ ਸਬੰਧੀ ਲੋੜੀਂਦੀ ਜਾਣਕਾਰੀ ਵੱਖ ਵੱਖ ਸਟੇਜਾਂ ਤੇ ਦੇਣੀ ਚਾਹੀਦੀ ਹੈ। ਦੂਜੇ ਦੇਸ਼ਾਂ ਦੀਆਂ ਸਮੱਸਿਆਵਾਂ, ਪ੍ਰਾਪਤੀਆਂ ਅਤੇ ਵਿਸ਼ਵ-ਸ਼ਾਂਤੀ ਸਬੰਧੀ ਅਖ਼ਬਾਰਾਂ ਦੀ ਰਾਇ ਵਾਲੀਆਂ ਕਾਤਰਾਂ, ਵਿਦੇਸ਼ੀ ਸਿੱਕੇ, ਯੂ.ਐਨ.ਓ. ਦੀਆਂ ਟਿਕਟਾਂ ਇਕੱਠੀਆਂ ਕਰਨ ਲਈ ਬੱਚਿਆਂ ਨੂੰ ਉਕਸਾਉਣਾ ਚਾਹੀਦਾ ਹੈ। ਇਸ ਤੋਂ ਬਿਨ੍ਹਾਂ ਦੂਜੇ ਦੇਸ਼ਾਂ ਦੀ ਜਾਣਕਾਰੀ ਸਬੰਧੀ ਛੋਟੇ ਛੋਟੇ ਮੁਕਾਬਲੇ ਆਯੋਜਿਤ ਕੀਤੇ ਜਾ ਸਕਦੇ ਹਨ। ਅਧਿਆਪਕ ਦਾ ਇਸ ਵਿੱਚ ਸਭ ਤੋਂ ਮਹੱਤਵਪੂਰਨ ਰੋਲ ਹੈ। ਕਿਉਂਕਿ ਇਹ ਅਧਿਆਪਕ ਤੇ ਹੀ ਨਿਰਭਰ ਕਰਦਾ ਹੈ ਕਿ ਉਹ ਕਿਸ ਹੱਦ ਤੱਕ ਬੱਚਿਆਂ ਵਿਚ ਦੂਜੇ ਦੇਸ਼ਾਂ ਸਬੰਧੀ ਜਗਿਆਸਾ ਨੂੰ ਜਗਾ ਸਕਦਾ ਹੈ।

### 2.3.5.2 ਯੂ.ਐਨ.ਓ. ਸਬੰਧੀ ਜਾਣਕਾਰੀ (Information about U.N.O.)

ਬੱਚਿਆਂ ਨੂੰ ਸੰਯੁਕਤ ਰਾਸ਼ਟਰ ਸੰਘ ਅਤੇ ਉਸ ਦੀਆਂ ਏਜੰਸੀਆਂ ਦੇ ਕੰਮਾਂ ਤੋਂ ਜਾਣੂ ਕਰਾਉਣਾ ਚਾਹੀਦਾ ਹੈ। ਜੋ ਉਨ੍ਹਾਂ ਨੇ ਸੰਸਾਰ ਦੇ ਅਮਨ ਅਤੇ ਸਾਂਝੇ ਮਾਨਵੀ ਅਧਿਕਾਰਾਂ ਦੇ ਆਦਰਸ਼ ਨੂੰ ਪ੍ਰਸਾਰਣ ਲਈ ਕੀਤੇ ਹਨ। ਬੱਚਿਆਂ ਨੂੰ ਇਨ੍ਹਾਂ ਦੇ ਉਦੇਸ਼ਾਂ ਬਾਰੇ ਜਾਣਕਾਰੀ ਦੇਣਾ ਹੀ ਮਹੱਤਵਪੂਰਣ ਹੈ। ਇਸ ਸਬੰਧੀ ਸਕੂਲਾਂ ਵਿੱਚ ਸੰਯੁਕਤ ਰਾਸ਼ਟਰ ਕਲੱਬਾਂ ਨੂੰ ਸਥਾਪਿਤ ਕਰਕੇ ਬੱਚਿਆਂ ਦੀ ਮਨੁੱਖਤਾ ਅਤੇ ਵਿਸ਼ਵ ਸਬੰਧੀ ਜਾਣਕਾਰੀ ਵਿੱਚ ਵਾਧਾ ਕੀਤਾ ਜਾ ਸਕਦਾ ਹੈ।

ਸਕੂਲ ਵਿੱਚ ਯੂ.ਐਨ.ਓ. ਅਤੇ ਮਾਨਵੀ ਅਧਿਕਾਰ ਦਿਵਸ ਮਨਾਉਣ ਨਾਲ ਅੰਤਰ ਰਾਸ਼ਟਰੀ ਸੂਝ-ਬੂਝ ਵਿਕਸਿਤ ਹੋਵੇਗੀ। ਇਸ ਤੋਂ ਬਿਨਾਂ ਸਕੂਲ ਦੀ ਯੂ.ਐਨ.ਓ. ਕਲੱਬ ਦੇ ਮੈਂਬਰਾਂ ਵਲੋਂ ਸੰਯੁਕਤ ਰਾਸ਼ਟਰ ਦੇ ਸੱਦੇ ਸਾਡੇ ਦੇਸ਼ ਆਏ ਮਾਹਿਰਾਂ ਅਤੇ ਮੈਂਬਰਾਂ ਨੂੰ ਸਕੂਲ ਵਿੱਚ ਬੁਲਾ ਕੇ ਵੱਧ ਤੋਂ ਵਧ ਸੰਪਰਕ ਸਥਾਪਿਤ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

### 2.3.5.3 ਅੰਤਰ ਰਾਸ਼ਟਰੀ ਦਿਵਸ ਮਨਾਉਣੇ (Celebrating International Days)

ਅੰਤਰ-ਰਾਸ਼ਟਰੀ ਦਿਵਸ ਜਿਵੇਂ ਕਿ ਯੂ.ਐਨ.ਓ. ਦਿਵਸ, ਮਾਨਵੀ ਅਧਿਕਾਰ ਦਿਵਸ, ਵਿਸ਼ਵ ਦਿਵਸ, ਵਿਸ਼ਵ ਸ਼ਾਂਤੀ ਦਿਵਸ ਆਦਿ ਮਨਾਏ ਜਾਣੇ ਚਾਹੀਦੇ ਹਨ। ਇਸ ਤੋਂ ਬਿਨਾਂ ਸਕੂਲਾਂ ਅਤੇ ਕਾਲਜਾਂ ਵਿੱਚ ਇਸ ਸਬੰਧੀ ਸੈਮੀਨਾਰ ਅਤੇ ਗੋਸ਼ਟੀਆਂ ਆਯੋਜਿਤ ਕੀਤੀਆਂ ਜਾ ਸਕਦੀਆਂ ਹਨ।

### 2.3.5.4 ਸਭਿਆਚਾਰਕ ਵਟਾਂਦਰੇ (Cultural Exchanges)

ਹਰ ਦੇਸ਼ ਦੇ ਵਿਦਿਆਰਥੀਆਂ ਨੂੰ ਦੂਜੇ ਕੁਝ ਦੇਸ਼ਾਂ ਦੀ ਜਨਤਾ ਵਿਚ ਰਹਿ ਕੇ ਉਨ੍ਹਾਂ ਦੇ ਰਹਿਣ ਸਹਿਣ ਦੇ ਢੰਗਾਂ, ਵਿਚਾਰਾਂ, ਜੀਵਨ-ਕੀਮਤਾਂ, ਆਦਰਸ਼ਾਂ ਉਨ੍ਹਾਂ ਦੀਆਂ ਲੋੜਾਂ ਅਤੇ ਔਕੜਾਂ ਦਾ ਅਧਿਐਨ ਕਰਾਉਂਣਾ ਬਹੁਤ ਲਾਭਕਾਰੀ ਸਿੱਧ ਹੋ ਸਕਦਾ ਹੈ। ਕਾਮਨਵੈਲਥ ਦੇਸ਼ਾਂ ਵਿੱਚ ਇਹ ਵਟਾਂਦਰੇ ਆਮ ਹਨ। ਯੂਨੈਸਕੋ ਦੇ ਪ੍ਰੋਗਰਾਮ ਅਧੀਨ ਵੀ ਇਕ ਦੇਸ਼ ਦੇ ਨਾਗਰਿਕ ਦੂਜੇ ਦੇਸ਼ਾਂ ਵਿਚ ਉਚੇਰੀ ਪੜ੍ਹਾਈ ਜਾਂ ਸਭਿਆਚਾਰਕ ਮਿਲਵਰਤਣ ਦੇ ਪ੍ਰੋਗਰਾਮ ਸਬੰਧੀ ਜਾ ਸਕਦੇ ਹਨ। ਬੱਚਿਆਂ ਦੇ ਨਾਲ ਨਾਲ ਅਧਿਆਪਕਾਂ ਨੂੰ ਵੀ ਇੱਕ ਤੋਂ ਦੂਜੇ ਦੇਸ਼ਾਂ ਵਿੱਚ ਭੇਜਣਾ ਲਾਭਦਾਇਕ ਹੋ ਸਕਦਾ ਹੈ।

### 2.3.5.5 ਸਕੂਲਾਂ ਦੇ ਵਾਤਾਵਰਣ (Environment of Schools)

ਸਕੂਲਾਂ ਦਾ ਵਾਤਾਵਰਣ ਅੰਤਰ-ਰਾਸ਼ਟਰੀ ਸਮੱਸਿਆਵਾਂ ਬਾਰੇ ਠੀਕ ਜਾਣਕਾਰੀ, ਸੁਚੱਜੀ ਸੂਝ ਬੂਝ ਅਤੇ ਉਨ੍ਹਾਂ ਦੀਆਂ ਵਿਚਾਰਧਾਰਾਵਾਂ ਅਤੇ ਸੰਸਕਿਤਿਕ ਸਬੰਧੀ ਪ੍ਰਸੰਸਾ ਦੀਆਂ ਭਾਵਨਾਵਾਂ ਨਾਲ ਭਰਪੂਰ ਹੋਣਾ ਚਾਹੀਦਾ ਹੇ। ਸਕੂਲ ਬੱਚਿਆਂ ਲਈ ਸੱਚੇ ਰਾਸ਼ਟਰਵਾਦ ਅਤੇ ਅੰਤਰ ਰਾਸ਼ਟਰਵਾਦ ਦੀਆਂ ਸੁਚੱਜੀਆਂ ਤਸਵੀਰਾਂ ਬਣਨ, ਤਾਂ ਜੋ ਵਿਦਿਆਰਥੀ ਨੂੰ ਮਨੁੱਖਤਾ ਦੀ ਸੇਵਾ ਲਈ ਨਿਰੰਤਰ ਸੰਕੇਤ ਮਿਲਦੇ ਰਹਿਣ। ਇਸ ਲਈ ਸਕੂਲ ਦਾ ਸਮੁੱਚਾ ਵਾਤਾਵਰਣ ਅਜਿਹਾ ਹੋਵੇ ਜਿਸ ਤੋਂ ਅਧਿਆਪਕ ਅਤੇ ਵਿਦਿਆਰਥੀ ਦੋਵੇਂ ਸੰਸਾਰ ਦੇ ਨਾਗਰਿਕ ਬਣਨ ਦੀ ਪ੍ਰੇਰਨਾ ਲੈ ਸਕਣ।

### 2.3.5.6 ਲੋਕਤੰਤਰਿਕ ਕੀਮਤਾਂ ਦਾ ਵਿਕਾਸ (Development of Democratic Values)

ਲੋਕਤੰਤਰਿਕ ਕੀਮਤਾਂ ਦਾ ਵਿਕਾਸ ਸਿੱਖਿਆ ਦੇ ਪਾਠਕ੍ਰਮ ਦਾ ਮੁੱਖ ਵਿਸ਼ਾ ਹੋਣਾ ਚਾਹੀਦਾ ਹੈ। ਰਾਸ਼ਟਰੀ ਸੂਝ ਲਈ ਸਭ ਤੋਂ ਜ਼ਰੂਰੀ ਹੈ ਕਿ ਨਾਗਰਿਕਾਂ ਵਿਚ ਹਮਦਰਦੀ ਅਤੇ ਭਰਾਤਰੀ ਭਾਵ ਨੂੰ ਜਗਾਇਆ ਜਾਵੇ। ਵਿਅਕਤਿਤਵ ਦੇ ਸਤਿਕਾਰ ਤੋਂ ਬਿਨ੍ਹਾਂ ਮਨੁੱਖੀ ਅਧਿਕਾਰਾਂ ਲਈ ਸਤਿਕਾਰ ਜਾਂ ਮਨੁੱਖਤਾ ਨਾਲ ਪਿਆਰ ਦੀ ਕੋਈ ਸੰਭਾਵਨਾ ਨਹੀਂ ਹੋ ਸਕਦੀ। ਇਸ ਲਈ ਅੰਤਰ-ਰਾਸ਼ਟਰੀ ਰੁਝਾਣ ਅਤੇ ਝੁਕਾਓ ਵਿਕਸਿਤ ਕਰਨੇ ਚਾਹੀਦੇ ਹਨ। ਇਸ ਲਈ ਜਿਥੋਂ ਤੱਕ ਹੋ ਸਕੇ ਪਾਠ ਪੁਸਤਕਾਂ ਇਸ ਦ੍ਰਿਸ਼ਟੀਕੋਣ ਤੋਂ ਲਿਖੀਆਂ ਜਾਣੀਆਂ ਚਾਹੀਦੀਆਂ ਹਨ ਕਿ ਹਰ ਦੇਸ਼ ਦੇ ਵਿਦਿਆਰਥੀ ਮਨੁੱਖਤਾ ਨੂੰ ਪਿਆਰ ਕਰਨ ਅਤੇ ਸਾਰੇ ਦੇਸ਼ਾਂ ਦੀਆਂ ਸਮੱਸਿਆਵਾਂ ਨੂੰ ਅਪਣਾ ਲੈਣ।

### 2.3.5.7 ਸੁਤੰਤਰ ਚਿੰਤਨ ਸ਼ਕਤੀ ਦਾ ਵਿਕਾਸ (Development of Independent thinking powers)

ਅੰਤਰ-ਰਾਸ਼ਟਰੀ ਸੂਝ ਦੇ ਵਿਕਾਸ ਲਈ ਇਹ ਵੀ ਜ਼ਰੂਰੀ ਹੈ ਕਿ ਸਾਰੇ ਨਾਗਰਿਕਾਂ ਨੂੰ ਵਿਕਾਸ ਦੇ ਸਮਾਨ ਅਤੇ ਖੁਲ੍ਹੇ ਮੌਕੇ ਦਿੱਤੇ ਜਾਣ, ਤਾਂ ਹੀ ਵਿਅਕਤੀਆਂ ਵਿਚ ਸੁਤੰਤਰ ਤੇ ਸਪਸ਼ਟ ਸ਼ਕਤੀ ਚਿੰਤਨ ਦਾ ਵਿਕਾਸ ਹੋ ਸਕਦਾ ਹੈ। ਅੰਧ-ਵਿਸ਼ਵਾਸ ਅਤੇ ਪੱਖਪਾਤ ਸਬੰਧੀ ਬੁਰਾਈਆਂ ਸੁਤੰਤਰ ਚਿੰਤਨ ਸ਼ਕਤੀ ਦੇ ਵਿਕਾਸ ਦੁਆਰਾ ਹੀ ਮਿਟਾਈਆਂ ਜਾ ਸਕਦੀਆਂ ਹਨ। ਵਿਅਕਤੀਆਂ ਨੂੰ ਇਹ ਵੀ ਅਨੁਭਵ ਕਰਾਉਣਾ ਚਾਹੀਦਾ ਹੈ ਕਿ ਝਗੜਿਆਂ ਦਾ ਹੱਲ ਲੜਾਈ ਨਾਲ ਕਦੇ ਵੀ ਨਹੀਂ ਹੋ ਸਕਦਾ, ਕਿਉਂਕਿ ਅਸੀਂ ਦੇਖਦੇ ਹਾਂ ਕਿ ਇਕ ਲੜਾਈ ਦੂਜੀ ਲੜਾਈ ਦੇ ਬੀਜ ਬੀਜਦੀ ਹੈ।

## 2.3.6 ਸਿੱਟਾ (Summary)

ਉਪਰ ਕੀਤੇ ਵਰਣਨ ਤੋਂ ਸਪਸ਼ਟ ਹੈ ਕਿ ਉਚਿਤ ਰਾਸ਼ਟਰੀ ਸੂਝ ਦੇ ਪ੍ਰਸਾਰ ਲਈ ਸਿੱਖਿਆ ਇਕ ਮਹੱਤਵਪੂਰਨ ਸਾਧਨ ਵਜੋਂ ਯੋਗਦਾਨ ਪਾਉਂਦੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਜੇਕਰ ਨਾਗਰਿਕਾਂ ਵਿਚ ਸਮਾਜਿਕ ਭਾਵਨਾਵਾਂ ਤੇ ਕੁੱਝ ਜ਼ਰੂਰੀ ਕੀਮਤਾਂ ਦਾ ਵਿਕਾਸ ਕੀਤਾ ਜਾਵੇ ਤਾਂ ਸਿੱਖਿਆ ਸਚਮੁੱਚ ਹੀ ਇਸ ਕੰਮ ਵਿਚ ਆਪਣਾ ਯੋਗਦਾਨ ਦੇ ਸਕਦੀ ਹੈ। ਸਿੱਖਿਆ ਸੰਸਥਾਵਾਂ ਸਮਾਜ ਦਾ ਇਕ ਜਿਉਂਦਾ ਜਾਗਦਾ ਅੰਗ ਹੋਣ ਦੇ ਨਾਲ ਨਾਲ ਆਪਣੇ ਆਪ ਵਿਚ ਸਮਾਜ ਦਾ ਰੂਪ ਹੋਣ ਤਾਂ ਜੋ ਇਨ੍ਹਾਂ ਨੂੰ ਯੋਗਤਾ ਅਨੁਸਾਰ ਵਿਕਸਿਤ ਹੋਣ ਦੇ ਠੀਕ ਅਵਸਰ ਮਿਲ ਸਕਣ।

## 2.3.7 ਸਵੈ ਮੁਲਾਂਕਣ ਪ੍ਰਸ਼ਨ (Self Evaluation Questions)

1. ਅੰਤਰ ਰਾਸ਼ਟਰੀ ਸੂਝ ਨੂੰ ਵਿਸ਼ਵ ਨਾਗਰਿਕਤਾ ਦੇ ਬਰਾਬਰ ਸਮਝਣਾ ਚਾਹੀਦਾ ਹੈ। ਹਾਂ/ਨਹੀਂ
2. ''ਸਿਰਫ ਸਿੱਖਿਆ ਰਾਹੀਂ ਹੀ ਰਾਸ਼ਟਰੀ ਸੂਝ ਬੂਝ ਸਥਾਪਤ ਕੀਤੀ ਜਾ ਸਕਦੀ ਹੈ। ਹਾਂ/ਨਹੀਂ
3. ਵਿਸ਼ਵ ਪੱਧਰ ਤੇ ਯੂ.ਐਨ.ਓ. ਅੰਤਰਰਾਸ਼ਟਰੀ ਸਦਭਾਵਨਾ ਉਤਪਨ ਕਰ ਰਿਹਾ ਹੈ। ਹਾਂ/ਨਹੀਂ
4. ਅੰਤਰ ਰਾਸ਼ਟਰੀ ਸੂਝ ਦੀ ਜਾਗਰੁਕਤਾ ਕਾਰਨ ਸੰਸਾਰ ਦੇ ਯੁਧਾਂ ਨੂੰ ਰੋਕਿਆ ਜਾ ਸਕਦਾ ਹੈ। ਹਾਂ/ਨਹੀਂ
5. ਸਮਾਂ ਅਤੇ ਫਾਸਲਾ ਹੁਣ ਅੰਤਰ ਰਾਸ਼ਟਰੀ ਮੇਲ ਜੋਲ ਵਿਚ ਕੋਈ ਵਿਸ਼ੇਸ਼ ਰੁਕਾਵਟਾਂ ਹਾਂ/ਨਹੀਂ ਪਾ ਸਕਦਾ ਹੈ।

**ਕੁੰਜੀ :** 1. ਹਾਂ 2. ਨਾਂਹ 3. ਹਾਂ, 4. ਹਾਂ, 5. ਨਾਂਹ

## 2.3.8 ਸੁਝਾਏ ਪ੍ਰਸ਼ਨ (Suggested Questions)

1. ਸੰਸਾਰ ਅਮਨ ਲਈ ਅੰਤਰ ਰਾਸ਼ਟਰੀ ਸੂਝ ਦੀ ਕੀ ਮਹੱਤਤਾ ਹੈ?
2. ਅੰਤਰ ਰਾਸ਼ਟਰੀ ਸੂਝ ਦੇ ਪ੍ਰਸਾਰ ਵਿੱਚ ਸਿੱਖਿਆ ਕੀ ਭੂਮਿਕਾ ਨਿਭਾ ਸਕਦੀ ਹੈ?
3. ਅੰਤਰ ਰਾਸ਼ਟਰੀ ਸੁਝ ਤੋਂ ਕੀ ਭਾਵ ਹੈ? ਤੁਸੀਂ ਆਪਣੇ ਵਿਦਿਆਰਥੀਆਂ ਵਿੱਚ ਅੰਤਰ – ਰਾਸ਼ਟਰੀ ਸੂਝ ਨੂੰ ਕਿਵੇਂ ਵਿਕਸਿਤ ਕਰੋਗੇ?

## 2.3.9 ਸੁਝਾਈ ਪੁਸਤਕਾਂ ਦੀ ਸੂਚੀ (Suggested Books)


| | | |
|---|---|---|
| ਐਮ.ਆਰ. ਕਾਂਸਲ | : | *ਸਿੱਖਿਆ ਦੇ ਸਿੱਧਾਂਤ* |
| ਹਰਨਾਮ ਸਿੰਘ | : | *ਸਿੱਖਿਆ ਦੇ ਸਿਧਾਂਤ* |
| ਜੇ.ਐਸ. ਵਾਲੀਆ | : | *ਸਿੱਖਿਆ ਦੇ ਸਿਧਾਂਤ ਅਤੇ ਵਿਧੀਆਂ* |
| ਐਮ.ਆਰ. ਕਾਂਸਲ | : | *ਸਿੱਖਿਆ ਦੇ ਸਮਾਜ ਸ਼ਾਸਤਰੀ ਆਧਾਰ* |
| ਟੀ.ਐਸ.ਸੋਢੀ | : | *ਵਿਦਿਆ ਦੇ ਸਿਧਾਂਤ* |
| ਟੀ.ਐਸ.ਸੋਢੀ | : | *ਸਿੱਖਿਅਕ ਫਲਸਫਾ ਅਤੇ ਸਮਾਜ–ਸ਼ਾਸਤਰ* |

**ਪਾਠ ਨੰਬਰ : 2.4** 
**ਲੇਖਕ : ਪ੍ਰੋ. ਵੀ.ਐਸ.ਮਾਥੁਰ**
**ਅਨੁਵਾਦ ਕਰਤਾ : ਡਾ. ਹਰਵਿੰਦਰ ਕੌਰ**

# ਲੋਕਤੰਤਰ ਲਈ ਸਿੱਖਿਆ

**ਪਾਠ ਦੀ ਬਣਤਰ**

2.4.1 ਉਦੇਸ਼
2.4.2 ਜਾਣ-ਪਛਾਣ
2.4.3 ਲੋਕਤੰਤਰ-ਇਸ ਦੀ ਵਰਤਮਾਨ ਧਾਰਨਾ
2.4.4 ਲੋਕਤੰਤਰ ਦੇ ਲੋੜੀਂਦੇ ਭਾਗ
2.4.5 ਭਾਰਤ ਇੱਕ ਸਾਮਰਾਜ, ਲੋਕਤੰਤਰੀ, ਗਣਰਾਜ
2.4.6 ਸਿੱਖਿਆ ਅਤੇ ਲੋਕਤੰਤਰ
2.4.7 ਲੋਕਤੰਤਰ ਲਈ ਸਿੱਖਿਆ ਦੇ ਕਰਤਵ
2.4.8 ਸਿੱਖਿਆ ਦੁਆਰਾ ਸਮਾਨਤਾ
2.4.9 ਨਵੀਂ ਸਿੱਖਿਆ ਨੀਤੀ (1986)
2.4.10 ਦੁਹਰਾਈ ਲਈ ਸੰਕੇਤ
2.4.11 ਸੁਝਾਏ ਪ੍ਰਸ਼ਨ
2.4.12 ਸੁਝਾਈਆਂ ਪੁਸਤਕਾਂ

## 2.4.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ

(i) ਲੋਕਤੰਤਰ ਦੀ ਧਾਰਨਾ ਬਾਰੇ ਜਾਣ ਸਕਣਗੇ।
(ii) ਲੋਕਤੰਤਰ ਦੇ ਲੋੜੀਂਦੇ ਭਾਗਾਂ ਬਾਰੇ ਜਾਣ ਸਕਣਗੇ।
(iii) ਸਿੱਖਿਆ ਅਤੇ ਲੋਕਤੰਤਰ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣਗੇ।
(iv) ਸਿੱਖਿਆ ਦੇ ਕਰਤਵਾਂ ਬਾਰੇ ਜਾਣ ਸਕਣਗੇ।
(v) ਨਵੀਂ ਸਿੱਖਿਆ ਪ੍ਰਣਾਲੀ ਬਾਰੇ ਜਾਣ ਸਕਣਗੇ।

## 2.4.2 ਜਾਣ-ਪਛਾਣ (Introduction)

ਸਭ ਤੋਂ ਪਹਿਲਾਂ ਪ੍ਰਸ਼ਨ ਉਠਦਾ ਹੈ ਕਿ ਸਿੱਖਿਆ ਦੇ ਕੀ ਉਦੇਸ਼ ਹਨ ਅਤੇ ਇਹ ਕੋਈ ਨਵਾਂ ਪ੍ਰਸ਼ਨ ਨਹੀਂ ਹੈ ਸਗੋਂ ਇਹ ਹਮੇਸ਼ਾਂ ਹੀ ਪੁੱਛਿਆ ਜਾਂਦਾ ਹੈ। ਵੱਖ-ਵੱਖ ਲੋਕਾਂ ਨੇ ਇਸ ਨੂੰ ਵੱਖ ਵੱਖ ਤਰੀਕੇ ਨਾਲ ਉੱਤਰ ਦੇਣ ਦੀ ਕੋਸ਼ਿਸ਼ ਕੀਤੀ ਹੈ।

ਪਲੈਟੋ (Plato) ਅਤੇ ਉਸ ਦੇ ਸ਼ਾਗਿਰਦ ਅਰਸਤੂ (Aristotle) ਨੇ ਈਸਾ ਤੋਂ 300 ਸਾਲ ਪਹਿਲਾਂ ਉਤੱਰ ਦੇਣ ਦੀ ਕੋਸ਼ਿਸ਼ ਕੀਤੀ ਸੀ। ਦੋਨੋਂ ਇਸ ਧਾਰਨਾ ਨੂੰ ਮੰਨਦੇ ਸਨ ਕਿ ਸਿੱਖਿਆ ਨਾਗਰਿਕਤਾ ਦਾ ਇਕ ਜ਼ਰੂਰੀ ਸਾਧਨ ਹੈ। ਜੇ ਸਿੱਖਿਆ ਨਾਗਰਿਕਤਾ ਦੀ ਤਿਆਰੀ ਦੀ ਜ਼ਰੂਰਤ ਨੂੰ ਅੱਖੋਂ ਓਹਲੇ ਕਰਦੀ ਹੈ ਤਾਂ ਇਹ ਅਧੂਰੀ ਅਤੇ ਬੇਕਾਰ ਹੈ। ਉਨ੍ਹਾਂ ਦੇ ਅਨੁਸਾਰ ਇਹ ਰਾਜ ਦੇ ਮੈਂਬਰਾਂ ਨੂੰ ਆਪਣੇ ਅਤੇ ਦੂਜਿਆਂ ਲਈ ਚੰਗਿਆਈ ਗ੍ਰਹਿਣ ਕਰਵਾਉਣ ਦਾ ਜ਼ਰੂਰੀ ਸਾਧਨ ਹੈ।

ਹੁਣ ਦੂਜਾ ਪ੍ਰਸ਼ਨ ਉੱਠਦਾ ਹੈ ਕਿ ਰਾਜ ਤੋਂ ਕੀ ਭਾਵ ਹੈ ਜਿਸ ਵਿਚ ਇਕ ਵਿਅਕਤੀ ਆਪਣੀ ਵਫਾਦਾਰੀ ਦਾ ਦੇਣਦਾਰ ਹੈ। ਸਾਧਾਰਣ ਸ਼ਬਦਾਂ ਵਿਚ ਰਾਜ ਇਕ ਪਰੰਪਰਾ ਦੀ ਉਪਜ ਹੈ, ਮਨੁੱਖ ਦੁਆਰਾ ਬਣਾਈ ਸੰਸਥਾ ਹੈ, ਜਿਸ ਵਿਚ ਵਿਅਕਤੀ, ਪਰਿਵਾਰ ਅਤੇ ਪਿੰਡ ਆਪਣੇ ਲਈ ਵਫਾਦਾਰੀ ਦੇ ਦੇਣਦਾਰ ਹਨ ਅਤੇ ਇਹ ਇਕ ਖਾਸ ਰਾਜਨੀਤਿਕ ਸਿਧਾਂਤ ਤੇ ਆਧਾਰਿਤ ਹੈ। ਮਨੁੱਖ ਇਕ ਸਮਾਜਿਕ ਅਤੇ ਰਾਜਨੀਤਿਕ ਪ੍ਰਾਣੀ ਹੈ। ਉਸ ਦੇ ਦੂਜਿਆਂ ਨਾਲ ਸਮਾਜੀ-ਰਾਜਨੀਤਿਕ ਸੰਬੰਧ ਉਸ ਦੇ ਸੁਭਾਅ ਵਿਚ ਹੀ ਪਾਏ ਜਾਂਦੇ ਹਨ। ਇਸ ਤਰ੍ਹਾਂ ਅਸੀਂ ਸੰਖੇਪ ਵਿਚ ਕਹਿ ਸਕਦੇ ਹਾਂ ਕਿ ਰਾਜ ਪਰਿਵਾਰਾਂ ਅਤੇ ਪਿੰਡ ਦਾ ਇਕੱਠ ਹੈ ਜਿਸ ਦਾ ਮੁੱਖ ਉਦੇਸ਼ ਪੂਰਨਤਾ ਅਤੇ ਚੰਗੀ ਜ਼ਿੰਦਗੀ ਦੀ ਪ੍ਰਾਪਤੀ ਹੈ।

ਹੁਣ ਦੇਖਣਾ ਹੈ ਕਿ ਰਾਜ ਦੇ ਕੀ ਕਾਰਜ ਹਨ। ਮੁੱਖ ਤੌਰ ਤੇ ਦੋ ਕਾਰਜ ਪ੍ਰਚਲਿਤ ਹਨ। (i) ਸ਼ਾਂਤੀ ਅਤੇ ਵਿਵਸਥਾ ਕਾਇਮ ਰੱਖਣਾ (ii) ਦੁਨਿਆਵੀਂ ਅਤੇ ਆਤਮਿਕ ਦੋਨੋਂ ਤਰ੍ਹਾਂ ਨਾਲ ਚੰਗੀ ਜ਼ਿੰਦਗੀ ਪ੍ਰਦਾਨ ਕਰਨਾ। ਰਾਜਨੀਤਿਕ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਵੱਖ ਵੱਖ ਲੋਕਾਂ ਨੇ ਵੱਖ ਵੱਖ ਤਰ੍ਹਾਂ ਰਾਜਾਂ (ਜਾਂ ਸਰਕਾਰ) ਨੂੰ ਪੇਸ਼ ਕੀਤਾ ਹੈ। ਇਹ ਇਕ ਲਗਾਤਾਰ ਚੱਲਣ ਵਾਲੀ ਪ੍ਰਕ੍ਰਿਆ ਹੈ ਅਤੇ ਇਹ ਕਈ ਮਾਹਿਰਾਂ ਦੁਆਰਾ ਖੋਜ ਕਰਨ ਦਾ ਵਿਸ਼ਾ ਰਿਹਾ ਹੈ।

ਸ਼ਾਇਦ ਸਭ ਤੋਂ ਪਹਿਲਾਂ ਅਰਸਤੂ ਜੋ ਕਿ ਯੂਨਾਨੀ (Greek) ਸੀ, ਨੇ ਇਸ ਦਾ ਵਰਗੀਕਰਣ ਕੀਤਾ। ਇਹ ਇਕ ਵਿਦਿਅਕ ਅਚੰਭਾ ਹੈ ਕਿ ਅੱਜਕਲ੍ਹ ਵੀ ਉਸ ਦੇ ਵਰਗੀਕਰਣ ਨੂੰ ਸਵੀਕਾਰਿਆ ਜਾਂਦਾ ਹੈ ਅਤੇ ਉਸਨੂੰ ਮਾਨਤਾ ਪ੍ਰਾਪਤ ਹੈ। ਇਹ ਵੀ ਇਕ ਵਿਦਿਅਕ ਅਚੰਭਾ ਸੀ ਕਿ ਈਸਾ ਤੋਂ 300 ਸਾਲ ਪਹਿਲਾਂ ਜਦੋਂ ਸੰਚਾਰ ਦੇ ਕੋਈ ਸਾਧਨ ਉਪਲਬੱਧ ਨਹੀਂ ਸਨ ਅਤੇ ਭੂਗੋਲਿਕ ਗਿਆਨ ਵੀ ਬਹੁਤ ਘੱਟ ਸੀ, ਉਸ ਸਮੇਂ ਪਲੈਟੋ ਅਤੇ ਅਰਸਤੂ ਵਰਗੇ ਲੋਕ ਹੋਏ ਜਿਨ੍ਹਾਂ ਨੇ ਵਿਗਿਆਨਕ ਅਤੇ ਵਿਦਿਅਕ ਖੇਤਰ ਵਿਚ ਘੋਖ ਕੀਤੀ ਜੋ ਕਿ ਬਹੁਤ ਪ੍ਰਸਿਧ ਹੋਈ। ਅਰਸਤੂ ਅਨੁਸਾਰ ਰਾਜ ਜਾਂ ਤਾਂ 'ਸਧਾਰਨ' ਹੋ ਸਕਦਾ ਹੈ ਜਾਂ ਵਿਗੜਿਆ ਹੋਇਆ। ਇਸ ਦੇ ਨਿਰਧਾਰਣ ਦੀ ਬੁਨਿਆਦ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਸੱਤਾਧਾਰੀ ਸ਼ਕਤੀਆਂ ਦੀ ਵਰਤੋਂ ਕਿਸ ਢੰਗ ਨਾਲ ਹੋ ਰਹੀ ਹੈ।

ਭਾਵੇਂ ਅਰਸਤੂ ਨੇ ਜ਼ਿਆਦਾ ਮਹੱਤਤਾ ਸਰੂਪ ਨੂੰ ਦਿੱਤੀ, ਉਸ ਨੇ ਪ੍ਰਮਾਣਿਕ ਪੱਖ ਨੂੰ ਬਿਲਕੁਲ ਹੀ ਨਜਰ ਅੰਦਾਜ਼ ਕੀਤਾ। ਰਾਜ ਦੇ ਨਿਰਧਾਰਣ ਦੀ ਬੁਨਿਆਦ ਸਿਰਫ ਸੱਤਾਧਾਰੀ ਦੀ ਵਰਤੋਂ ਦੇ ਢੰਗ ਤੇ ਹੀ ਨਹੀਂ ਸਗੋਂ ਸ਼ਾਸਨ ਕਰਨ ਵਾਲੀਆਂ ਸੱਤਾਧਾਰੀ ਸ਼ਕਤੀਆਂ ਦੀ ਗਿਣਤੀ ਤੇ ਵੀ ਰੱਖੀ ਜਾਂਦੀ ਹੈ।

ਰਾਜ ਨੂੰ ਨਿਰਧਾਰਣ ਕਰਨ ਦੇ ਦੋਨੋਂ ਕਾਰਨ ਧਿਆਨ ਵਿਚ ਰੱਖਦਿਆਂ ਅਰਸਤੂ ਨੇ ਰਾਜ ਦਾ ਵਰਗੀਕਰਣ ਹੇਠ ਲਿਖੀਆਂ ਛੇ ਸ਼੍ਰੇਣੀਆਂ ਵਿਚ ਕੀਤਾ ਹੈ।

| **ਗਿਣਤੀ** | **ਸਾਧਾਰਣ** | **ਵਿਗੜਿਆ ਹੋਇਆ** |
|---|---|---|
| ਇਕ | ਬਾਦਸ਼ਾਹਤ | ਧੱਕੇਸ਼ਾਹੀ |
| ਕੁਝ | ਕੁਲੀਨਤੰਤਰ | ਗੁਟਤੰਤਰ |
| ਬਹੁਤ ਸਾਰੇ | ਰਾਜਤੰਤਰ | ਲੋਕਤੰਤਰ |

ਬਾਦਸ਼ਾਹਤ ਅਜਿਹੀ ਕਿਸਮ ਦੀ ਸਰਕਾਰ ਹੁੰਦੀ ਹੈ ਜਿਸ ਵਿਚ ਇਕ ਆਦਮੀ ਰਾਜ ਕਰਦਾ ਹੈ ਅਤੇ ਉਹ ਆਦਮੀ ਪੂਰੀ ਪਰਜਾ ਦੀ ਭਲਾਈ ਲਈ ਰਾਜਨੀਤਿਕ ਸ਼ਕਤੀ ਦੀ ਵਰਤੋਂ ਕਰਦਾ ਹੈ। ਬਾਦਸ਼ਾਹਤ ਸਾਧਾਰਣ ਕਿਸਮ ਦੀ ਸਰਕਾਰ ਹੈ, ਜਦਕਿ ਧੱਕੇਸ਼ਾਹੀ ਵਿਗੜੀ ਹੋਈ ਕਿਸਮ ਹੈ, ਜਿਥੇ ਇਕ ਆਦਮੀ ਜਿਸ ਕੋਲ ਸਾਰੀ ਸ਼ਕਤੀ ਹੁੰਦੀ ਹੈ ਆਪਣੇ ਹਿੱਤ ਲਈ ਆਪਣੇ ਅਧਿਕਾਰ ਦੀ ਵਰਤੋਂ ਕਰਦਾ ਹੈ। ਜਦੋਂ ਸੱਤਾਧਾਰੀ ਸ਼ਕਤੀਆਂ ਕੁਝ ਅਮੀਰ ਲੋਕਾਂ ਦੇ ਹੱਥ ਵਿਚ ਆ ਜਾਂਦੀਆਂ ਹਨ ਅਤੇ ਉਹ ਆਪਣੇ ਅਧਿਕਾਰਾਂ ਦੀ ਵਰਤੋਂ ਪੂਰੀ ਪਰਜਾ ਦੀ ਭਲਾਈ ਲਈ

ਕਰਦੇ ਹਨ ਤਾਂ ਇਸ ਤਰ੍ਹਾਂ ਦੇ ਰਾਜ ਨੂੰ ਕੁਲੀਨਤੰਤਰ ਕਹਾਂਗੇ। ਕੁਝ ਲੋਕਾਂ ਦੇ ਰਾਜ ਦਾ ਵਿਗੜਿਆ ਹੋਇਆ ਸਰੂਪ ਗੁਟਤੰਤਰ ਹੈ। ਗੁਟਤੰਤਰ ਸੋਚਦੇ ਹਨ ਕਿ ਉਨ੍ਹਾਂ ਦੇ ਅਮੀਰ ਹੋਣ ਕਰਕੇ ਉਨ੍ਹਾਂ ਨੂੰ ਰਾਜ ਕਰਨ ਦਾ ਅਧਿਕਾਰ ਹੈ। ਇਸੇ ਤਰ੍ਹਾਂ ਬਹੁਤ ਸਾਰੇ ਜਾਂ ਬਹੁਤ ਸਾਰਿਆਂ ਦਾ ਰਾਜ ਦੋ ਤਰ੍ਹਾਂ ਦਾ ਹੋ ਸਕਦਾ ਹੈ। ਜਦੋਂ ਇਹ ਨਿਆਂ, ਕਾਨੂੰਨ ਅਤੇ ਸਭ ਦੇ ਭਲੇ ਦੇ ਅਨੁਸਾਰ ਹੋਵੇ ਤਾਂ ਇਸ ਨੂੰ ਰਾਜਤੰਤਰ ਕਿਹਾ ਜਾਂਦਾ ਹੈ। ਜਦੋਂ ਇਹ ਸਵੈ ਸੰਤੁਸ਼ਟੀ ਲਈ ਹੋਵੇਤਾਂ ਇਸ ਨੂੰ ਲੋਕਤੰਤਰੀ ਕਹਾਂਗੇ। ਇਸ ਲਈ ਰਾਜਤੰਤਰ ਉਸ ਸਰਕਾਰ ਦੀ ਸਾਧਾਰਣ ਕਿਸਮ ਹੈ ਜਿਸ ਦੀ ਵਿਗੜੀ ਹੋਈ ਕਿਸਮ ਲੋਕਤੰਤਰੀ ਹੈ।

ਲੋਕਤੰਤਰੀ ਦਾ ਸਭ ਤੋਂ ਭੈੜਾ ਸਰੂਪ ਅਰਾਜਕਤਾ ਹੈ ਜੋ ਕਿ ਅੱਜ ਕੱਲ੍ਹ ਬਹੁਤ ਪ੍ਰਚੱਲਤ ਅਤੇ ਹਰਮਨ ਪਿਆਰਾ ਹੈ। ਇਸਨੇ ਬਹੁਸੰਮਤੀ ਦੁਆਰਾ ਸ਼ਾਸਨ ਕਰਨ ਦਾ ਰੂਪ ਧਾਰਨ ਕਰ ਲਿਆ ਹੈ। ਹਰ ਬਾਲਗ ਨੂੰ ਵੋਟ ਪਾਉਣ ਦਾ ਅਧਿਕਾਰ ਹੈ।

### 2.4.3 ਲੋਕਤੰਤਰ-ਇਸ ਦੀ ਵਰਤਮਾਨ ਧਾਰਨਾ (Democracy-Its Present Concept)

ਲੋਕਤੰਤਰ ਦੀ ਵਿਆਖਿਆ ਵੱਖ-ਵੱਖ ਤਰੀਕਿਆਂ ਨਾਲ ਕੀਤੀ ਗਈ ਹੈ। ਇਬਰਾਹੀਮ ਲਿੰਕਨ ਦੀ ਪਰਿਭਾਸ਼ਾ ਨੂੰ ਸਭ ਤੋਂ ਠੀਕ ਮੰਨਿਆ ਗਿਆ ਹੈ। ਉਸ ਦੇ ਅਨੁਸਾਰ ਲੋਕਤੰਤਰ ਦਾ ਅਰਥ "ਲੋਕਾਂ ਦਾ ਰਾਜ, ਲੋਕਾਂ ਲਈ ਅਤੇ ਲੋਕਾਂ ਦੁਆਰਾ" ਹੁੰਦਾ ਹੈ। ਲੋਕਤੰਤਰ ਅੱਜ ਦੇ ਯੁੱਗ ਦੀ ਪ੍ਰਚਲਤ ਮਾਨਤਾ ਹੈ ਜਿਸ ਦੇ ਕਈ ਰੂਪ ਅਪਣਾਏ ਗਏ ਹਨ ਜਿਵੇਂ ਰਾਜਨੀਤਿਕ ਲੋਕਤੰਤਰ, ਆਰਥਿਕ ਲੋਕਤੰਤਰ, ਸਮਾਜਿਕ ਲੋਕਤੰਤਰ ਅਤੇ ਵਿਦਿਅਕ ਲੋਕਤੰਤਰ।

ਲੋਕਤੰਤਰ ਵਿਚ ਸਿੱਖਿਆ ਨੂੰ ਹਰ ਇਕ ਵਿਅਕਤੀ ਵਿਚ ਉਨ੍ਹਾਂ ਰੁਚੀਆਂ, ਯੋਗਤਾਵਾਂ, ਆਦਤਾਂ ਅਤੇ ਆਦਰਸ਼ਾਂ ਨੂੰ ਵਿਕਸਿਤ ਕਰਨਾ ਚਾਹੀਦਾ ਹੈ ਜਿਸ ਨਾਲ ਉਸ ਨੂੰ ਸਮਾਜ ਵਿਚ ਮਾਨਤਾ ਪ੍ਰਾਪਤ ਹੋ ਜਾਵੇ।

ਲੋਕਤੰਤਰ ਦਾ ਸ਼ਬਦੀ ਅਰਥ ਹੈ ਲੋਕਾਂ ਦੀ ਸ਼ਕਤੀ। ਇਸ ਤਰ੍ਹਾਂ ਲੋਕਤੰਤਰ ਵਿਚ ਲੋਕਾਂ ਦੁਆਰਾ ਸੰਗਠਿਤ ਸਰਕਾਰ ਹੁੰਦੀ ਹੈ ਜਿਸ ਵਿਚ ਹਰ ਨਾਗਰਿਕ ਹਿੱਸੇਦਾਰ ਹੁੰਦਾ ਹੈ ਅਰਥਾਤ ਰਾਜ, ਪ੍ਰਬੰਧ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਭਾਗ ਲੈਂਦਾ ਹੈ। ਇਸ ਲਈ ਸਿਆਸੀ ਲੋਕਤੰਤਰ ਤੋਂ ਭਾਵ ਉਹ ਰਾਜ ਪ੍ਰਬੰਧ ਹੈ ਜਿਸ ਨੂੰ ਸਥਾਪਿਤ ਕਰਨ ਦਾ ਅਧਿਕਾਰ ਕੇਵਲ ਜਨਤਾ ਨੂੰ ਪ੍ਰਾਪਤ ਹੈ ਅਤੇ ਜਿਹੜਾ ਹਰ ਤਰ੍ਹਾਂ ਪੂਰਨ ਤੌਰ ਤੇ ਜਨਤਾ ਲਈ ਜ਼ਿੰਮੇਵਾਰ ਹੈ।

ਸਾਧਾਰਨ ਸ਼ਬਦਾਂ ਵਿਚ ਲੋਕਤੰਤਰ ਜੀਵਨ ਦੀ ਇਕ ਵਿਧੀ ਹੈ। ਰਾਧਾ ਕ੍ਰਿਸ਼ਨਨ ਸਿੱਖਿਆ ਕਮਿਸ਼ਨ ਦੇ ਸ਼ਬਦਾਂ ਵਿਚ "ਲੋਕਤੰਤਰ ਇਕ ਜੀਵਨ ਢੰਗ ਹੈ, ਇਹ ਕੇਵਲ ਰਾਜਨੀਤਿਕ ਪ੍ਰਬੰਧ ਨਹੀਂ। ਇਹ ਜਾਤੀ, ਧਰਮ, ਲਿੰਗ, ਕਿੱਤਾ ਅਤੇ ਆਰਥਿਕ ਭੇਦ ਭਾਵ ਤੋਂ ਬਿਨਾਂ ਸਾਰੇ ਮੈਂਬਰਾਂ ਲਈ ਸਮਾਨ ਸੁਤੰਤਰਤਾ ਅਤੇ ਸਮਾਨ ਅਧਿਕਾਰਾਂ ਦੇ ਸਿਧਾਂਤਾਂ ਤੇ ਆਧਾਰਿਤ ਹੈ।" ਜੇਕਰ ਸਾਡੇ ਵਿਚਾਰ ਅਤੇ ਮੇਲ ਮਿਲਾਪ ਦੇ ਤਰੀਕੇ ਪਰਸਪਰ ਮੇਲ ਮਿਲਾਪ, ਸਹਿਨਸ਼ੀਲਤਾ, ਦੂਜਿਆਂ ਦੇ ਵਿਚਾਰਾਂ ਲਈ ਸਤਿਕਾਰ ਅਤੇ ਮਿਲਵਰਤਨ ਤੇ ਆਧਾਰਿਤ ਹੋਣਗੇ ਤਾ ਅਸੀਂ ਸੱਚਮੁਚ ਹੀ ਲੋਕਤੰਤਰੀ ਢੰਗ ਆਪਣਾ ਰਹੇ ਹੋਵਾਂਗੇ। ਸਮਾਜਿਕ ਲੋਕਤੰਤਰ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਮੰਨਦਾ ਹੈ। ਇਹ ਅਜਿਹਾ ਸਮਾਜ ਹੈ ਜਿੱਥੇ ਧਰਮ, ਜਾਤ-ਪਾਤ, ਰੰਗ ਰੂਪ ਆਦਿ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਹੁੰਦਾ। ਬੈਨਥਮ (Bentham) ਦਾ ਵਿਚਾਰ ਹੈ, "ਹਰ ਇਕ ਵਿਅਕਤੀ ਨੂੰ ਇਕੋ ਹੀ ਸਮਝਣਾ ਚਾਹੀਦਾ ਹੈ ਅਤੇ ਕਿਸੇ ਨੂੰ ਵੀ ਇਕ ਨਾਲੋਂ ਵਧੇਰੇ ਨਹੀਂ ਸਮਝਣਾ ਚਾਹੀਦਾ।" ਇਸ ਤਰ੍ਹਾਂ ਸਮੁੱਚਾ ਸਮਾਜ ਸੁਚੱਜੀ ਮਨੁੱਖੀ ਬਰਾਦਰੀ ਦਾ ਰੂਪ ਧਾਰਦਾ ਹੈ। ਅਜਿਹੇ ਸਮਾਜ ਵਿਚ ਸਮਾਜਿਕ ਅਤਿਆਚਾਰ ਅਤੇ ਸਮਾਜਿਕ ਅਨਿਆਂ ਦੀ ਕੋਈ ਥਾਂ ਨਹੀਂ ਰਹਿੰਦੀ। ਸਾਰੇ ਮਨੁੱਖ ਆਤਮਿਕ ਮੁੱਲ ਰੱਖਦੇ ਹਨ ਤੇ ਹਰ ਇਕ ਵਿਅਕਤੀ ਦਾ ਮਨੁੱਖੀ ਗੌਰਵ ਦਾ ਅਧਿਕਾਰ ਨਿਰਪੱਖ ਵਿਚਾਰ ਦੀ ਮੰਗ ਕਰਦਾ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਸਲੀ ਲੋਕਤੰਤਰ ਤੋਂ ਭਾਵ ਤਾਂ ਇਹ ਹੈ ਕਿ ਲੋਕ ਪਰਸਪਰ ਮਿਲਵਰਤਨ ਦੁਆਰਾ ਸਮਾਜਿਕ ਹਿੱਤਾਂ ਦੀ ਪੂਰਤੀ ਲਈ ਕੰਮ ਕਰਨ ਅਤੇ ਸਮਾਜਿਕ ਪ੍ਰਗਤੀ ਨੂੰ ਅੱਗੇ ਵਧਾਉਣ।

ਆਰਥਿਕ ਲੋਕਤੰਤਰ ਤੋਂ ਭਾਵ ਅਜਿਹਾ ਰਾਜ ਹੈ ਜਿਥੇ ਉਤਪਾਦਨ ਦੇ ਸਾਧਨ ਕੁਝ ਕੁ ਲੋਕਾਂ ਦੇ ਹੱਥਾਂ ਵਿਚ ਇਕੱਤਰ ਨਹੀਂ ਹੁੰਦੇ ਤੇ ਧਨ ਦੀ ਵੰਡ ਲੋਕਾਂ ਵਿਚਕਾਰ ਹੁੰਦੀ ਹੈ। ਆਰਥਿਕ ਲੋਕ-ਰਾਜ ਦੇ ਆਧਾਰ ਆਰਥਿਕ ਬਰਾਬਰੀ ਅਤੇ ਆਰਥਿਕ ਆਜ਼ਾਦੀ ਹਨ। ਸਮਾਜ ਵਿਚ ਸਾਰੇ ਵਿਅਕਤੀਆਂ ਨੂੰ ਦੂਸਰੇ ਦੇ ਅਧਿਕਾਰਾਂ ਵਿਚ ਰੁਕਾਵਟ ਬਣੇ ਬਿਨਾਂ ਪੈਸਾ ਕਮਾਉਣ ਦਾ ਅਧਿਕਾਰ ਹੈ, ਇਸ ਤਰ੍ਹਾਂ ਆਰਥਿਕ ਲੋਕਤੰਤਰ ਕਿਸੇ ਵੀ ਕਿਸਮ ਦੇ ਆਰਥਿਕ ਸ਼ੋਸ਼ਣ ਦੇ ਵਿਰੁੱਧ ਹੈ।

ਇਹ ਗੱਲ ਧਿਆਨ ਦੇਣ ਯੋਗ ਹੈ ਕਿ ਨਿਆਂ-ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸੁਤੰਤਰਤਾ - ਵਿਚਾਰ, ਵਿਸ਼ਵਾਸ ਅਤੇ ਧਰਮ ਦੀ ਸਮਾਨਤਾ - ਅਧਿਕਾਰ ਅਤੇ ਮੌਕਿਆਂ ਵਿਚ ਅਤੇ ਭਰਾਤਰੀ ਭਾਵ - ਜਿਸ ਉਤੇ ਵਿਅਕਤੀ ਦੀ ਇੱਜ਼ਤ ਅਤੇ ਦੇਸ਼ ਦੀ ਏਕਤਾ ਆਧਾਰਿਤ ਹੈ, ਦੇ ਰਾਹੀਂ ਹੀ ਸੱਚੇ ਲੋਕਤੰਤਰ ਦੀ ਪ੍ਰਾਪਤੀ ਹੋ ਸਕਦੀ ਹੈ।

**2.4.4 ਲੋਕਤੰਤਰ ਦੇ ਲੋੜੀਂਦੇ ਭਾਗ (Desirable Components of Democracy)** ਲੋਕਤੰਤਰ ਦੀ ਕਾਮਯਾਬੀ ਲਈ ਨੈਤਿਕਤਾ ਬਹੁਤ ਜ਼ਰੂਰੀ ਹੈ ਅਤੇ ਇਸ ਦੇ ਲੋੜੀਂਦੇ ਭਾਗ ਹੇਠਾਂ ਦਿੱਤੇ ਗਏ ਹਨ ਅਤੇ ਲੋਕਤੰਤਰੀ ਸਿੱਖਿਆ ਵਿਚ ਇਹ ਲੱਛਣ ਬਹੁਤ ਮਹੱਤਵਪੂਰਣ ਸਮਝੇ ਜਾਂਦੇ ਹਨ :

## 1. ਵਿਅਕਤੀ ਦੀ ਸ਼ਖਸੀਅਤ ਅਤੇ ਗੁਣ (Dignity and Worth of Man)

ਲੋਕਤੰਤਰ ਵਿਅਕਤੀ ਦੀ ਸਸ਼ਖਸੀਅਤ ਅਤੇ ਗੁਣਾਂ ਵਿਚ ਵਿਸ਼ਵਾਸ ਰੱਖਦਾ ਹੈ। ਹੋਰ ਕਿਸੇ ਵੀ ਰਾਜਨੀਤਿਕ ਢਾਂਚੇ ਨਾਲੋਂ ਲੋਕਤੰਤਰ ਢਾਂਚੇ ਦਾ ਇਹ ਫਰਕ ਹੈ ਕਿ ਇਸ ਵਿਚ ਸਮਾਜ ਦਾ ਨਿਸ਼ਾਨਾ ਵਿਅਕਤੀ ਦਾ ਉੱਤਮ ਵਿਕਾਸ ਕਰਨਾ ਹੈ। ਹਰ ਇਕ ਵਿਅਕਤੀ ਨੂੰ ਨਿਸ਼ਾਨਾ ਸਮਝਣਾ ਚਾਹੀਦਾ ਹੈ ਨਾ ਕਿ ਸਿਰਫ ਇਕ ਸਾਧਨ। ਸੰਸਾਰ ਵਿਚ ਹਰ ਇਕ ਦਾ ਮਹੱਤਵਪੂਰਨ ਸਥਾਨ ਹੈ। ਇਸ ਲਈ ਵਿਅਕਤਿਤਵ ਦੇ ਸਤਿਕਾਰ ਵਜੋਂ ਹਰ ਇਕ ਨਾਗਰਿਕ ਨੂੰ ਸਮਾਨ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ। ਹਰ ਇਕ ਵਿਅਕਤੀ ਦਾ ਆਦਰਸ਼ ਗਿਣਿਆ ਜਾਣਾ ਚਾਹੀਦਾ ਹੈ ਅਤੇ ਹਰ ਇਕ ਵਿਅਕਤੀ ਦਾ ਧਰਮ ਹੈ ਕਿ ਉਹ ਜੋ ਕੁਝ ਵੱਧ ਤੋਂ ਵੱਧ ਕਰ ਸਕਦਾ ਹੈ ਕਰੇ। ਇਸ ਨਿਸ਼ਾਨੇ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇਕਰ ਹਰ ਇਕ ਵਿਅਕਤੀ ਨੂੰ ਸਵੈ ਅਨੁਭਵ ਦਾ ਪੂਰਾ-ਪੂਰਾ ਮੌਕਾ ਮਿਲੇ। ਪਰ ਕਿਸੇ ਵੀ ਵਿਅਕਤੀ ਨੂੰ ਦੂਸਰੇ ਦੇ ਵਿਕਾਸ ਵਿਚ ਰੁਕਾਵਟ ਨਹੀਂ ਬਣਨਾ ਚਾਹੀਦਾ। ਸੰਖੇਪ ਵਿਚ ਕਹਿ ਸਕਦੇ ਹਾਂ ਕਿ ਰਾਜ ਦੀ ਹੋਂਦ ਵਿਅਕਤੀ ਲਈ ਹੈ ਅਤੇ ਇਸ ਦੀ ਕਾਰਜ ਪ੍ਰਣਾਲੀ ਵਿਅਕਤੀ ਤੇ ਨਿਰਭਰ ਕਰਦੀ ਹੈ।

## 2. ਭਾਈਚਾਰਾ (Brotherhood)

ਲੋਕਤੰਤਰ ਦਾ ਮੁੱਖ ਉਦੇਸ਼ ਸਰਵ-ਕਲਿਆਣ ਹੈ। ਇਸ ਵਿਚ ਜਾਤ ਪਾਤ ਜਾਂ ਸਮਾਜਿਕ ਦਰਜੇ ਦੇ ਆਧਾਰ ਤੇ ਕਿਸੇ ਨੂੰ ਕੋਈ ਵਿਸ਼ੇਸ਼ ਲਾਭ ਨਹੀਂ ਦਿੱਤੇ ਜਾ ਸਕਦੇ। ਲੋਕਤੰਤਰ ਵਿਚ ਵਿਅਕਤੀ ਉੱਤਮ ਜੀਵਨ ਜਿਉਣ ਲਈ ਇਕ ਦੂਸਰੇ ਨੂੰ ਸਹਿਯੋਗ ਦਿੰਦੇ ਹਨ। ਉਨ੍ਹਾਂ ਨੂੰ ਮਨੁੱਖ ਦੇ ਭਾਈਚਾਰੇ ਵਿਚ ਵਿਸ਼ਵਾਸ ਹੁੰਦਾ ਹੈ। ਲੋਕਤੰਤਰ ਲਗਾਤਾਰ, ਸਾਂਝੀਵਾਲਤਾ ਦੇ ਖੇਤਰਾਂ ਨੂੰ ਵਧਾਉਣ ਦਾ ਯਤਨ ਕਰਦਾ ਰਹਿੰਦਾ ਹੈ ਤੇ ਸਾਂਝੀਵਾਲਤਾ ਦਾ ਵਿਕਾਸ ਕਰਦਾ ਹੈ। ਹਰ ਨਾਗਰਿਕ ਲਈ ਸਤਿਕਾਰ ਪਰਸਪਰ ਸਮਾਨਤਾਵਾਂ ਅਤੇ ਭਾਈਚਾਰਾ ਆਦਿ ਲੋਕਤੰਤਰ ਦੇ ਕੁਝ ਆਦਰਸ਼ ਹਨ।

## 3. ਸਭ ਦੇ ਲਈ ਬਰਾਬਰ ਅਧਿਕਾਰ (Equal Rights for All)

ਜੇ ਅਸੀਂ ਕਹਿੰਦੇ ਹਾਂ ਕਿ ਹਰ ਵਿਅਕਤੀ ਦੇ ਸਮਾਨ ਅਧਿਕਾਰ ਹਨ ਤਾਂ ਹਰ ਵਿਅਕਤੀ ਮਨੁੱਖੀ ਸ਼ਖਸੀਅਤ ਦਾ ਅਧਿਕਾਰ ਨਿਰਪੱਖ ਵਿਚਾਰਾਂ ਦੀ ਮੰਗ ਕਰਦਾ ਹੈ। ਲੋਕਤੰਤਰ ਵਿਚ ਸਮਾਨਤਾ ਦੇ ਆਧਾਰ ਤੇ ਮੌਕੇ ਪ੍ਰਦਾਨ ਕੀਤੇ ਜਾਣੇ ਜ਼ਰੂਰੀ ਹਨ ਤਾਂ ਜੋ ਹਰ ਕੋਈ ਆਪਣੀ ਯੋਗਤਾ ਅਨੁਸਾਰ ਆਪਣੀਆਂ ਰੁਚੀਆਂ ਦਾ ਵਿਕਾਸ ਕਰੇ। ਸਿਧਾਂਤ ਦਾ ਮਤਲਬ ਹੈ ਕਿ ਹਰ ਵਿਅਕਤੀ ਨੂੰ ਵਿਕਾਸ ਅਤੇ ਉੱਨਤੀ ਕਰਨ ਦਾ ਅਧਿਕਾਰ ਹੈ ਅਤੇ ਉਸੇ ਨੂੰ ਜ਼ਿੰਦਗੀ ਵਧੀਆ ਬਣਾਉਣ ਲਈ ਯੋਗ ਮੌਕੇ ਮਿਲਣੇ ਚਾਹੀਦੇ ਹਨ। ਇਸ ਤੋਂ ਇਲਾਵਾ ਕਿਉਂਕਿ ਲੋਕਤੰਤਰ ਵਿਚ ਕੋਈ ਬਾਹਰੀ ਪ੍ਰਭਾਵ ਨਹੀਂ ਹੁੰਦਾ, ਇਸ ਲਈ ਲੋਕਤੰਤਰ ਨੂੰ ਆਪਣੇ ਆਪ ਹੀ ਨਿਯਮਾਂ ਦਾ ਸਤਿਕਾਰ ਕਰਨ ਲਈ ਤਿਆਰ ਕੀਤੇ ਜਾਣਾ ਜ਼ਰੂਰੀ ਹੈ।

ਨਾਗਰਿਕਾਂ ਦੇ ਅਧਿਕਾਰ ਉਸ ਦੇ ਫਰਜ਼ਾਂ ਬਾਰੇ ਵੀ ਦੱਸਦੇ ਹਨ। ਇਹ ਸਿਧਾਂਤ ਦੂਸਰੇ ਸਿਧਾਂਤ ਤੋਂ ਲਿਆ ਗਿਆ ਹੈ। ਜਿਸ ਵਿਚ ਕਿਹਾ ਗਿਆ ਹੈ ਕਿ ''ਜਦੋਂ ਮੈਂ ਕਹਿੰਦਾ ਹਾਂ ਕਿ ਇਹ ਮੇਰਾ ਅਧਿਕਾਰ ਹੈ'' ਤਾਂ ਇਸ ਦਾ ਮਤਲਬ ਹੈ ਕਿ ਕੁਝ ਅਜਿਹੇ ਲੋਕ ਹਨ ਜਿਨ੍ਹਾਂ ਦੇ ਕੁਝ ਕਰਤੱਵ ਹਨ। ਮੇਰੇ ਅਧਿਕਾਰ ਮੈਨੂੰ ਉਦੋਂ ਹੀ ਦਿੱਤੇ ਜਾ ਸਕਦੇ ਹਨ ਜਦੋਂ ਦੂਜੇ ਆਪਣੇ ਕਰਤੱਵ ਪੂਰੇ ਕਰਦੇ ਹਨ। ਉਦਾਹਰਣ ਦੇ ਤੌਰ ਤੇ ਮੈਂ ਸ਼ਾਂਤੀਪੂਰਵਕ ਜ਼ਿੰਦਗੀ ਬਿਤਾਉਣੀ ਹੈ ਤਾਂ ਇਹ ਦੂਜਿਆਂ ਦਾ ਕਰਤੱਵ ਹੈ ਕਿ ਉਹ ਮੇਰੇ ਲਈ ਕੋਈ ਮੁਸੀਬਤ ਖੜੀ ਨਾ ਕਰਨ। ਇਸ ਲਈ ਲੋਕਤੰਤਰ ਦਾ ਨਿਸ਼ਾਨਾ ਸਿਰਫ ਵਿਅਕਤੀ ਦਾ ਆਪਣਾ ਹੀ ਉੱਤਮ ਵਿਕਾਸ ਨਹੀਂ ਸਗੋਂ ਦੁਨੀਆਂ ਦੀ ਭਲਾਈ ਲਈ ਜਿਉਣਾ ਵੀ ਹੈ।

## 4. ਸਭ ਲਈ ਸਮਾਨ ਮੌਕੇ (Equal Opportunities for All)

ਸਮਾਨ ਮੌਕੇ ਵਿਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮਾਨਤਾ ਆਦਿ ਆਉਂਦੇ ਹਨ। ਇਸ ਦਾ ਮਤਲਬ ਹੈ ਕਿ ਕਿਸੇ ਵੀ ਵਿਅਕਤੀ ਨੂੰ ਜਾਤ-ਪਾਤ, ਸਮਾਜਿਕ ਦਰਜੇ, ਧਰਮ ਆਦਿ ਦੇ ਕਾਰਨ ਸਮਾਜ ਦੀ ਭਲਾਈ ਲਈ ਕੁਝ ਕਰਨ ਤੋਂ ਨਹੀਂ ਰੋਕਿਆ ਜਾ ਸਕਦਾ। ਲੋਕਤੰਤਰੀ ਸਮਾਜ ਦੇ ਦੋ ਵਿਸ਼ੇਸ਼ ਤੱਤ ਹਨ – ਪਹਿਲਾ ਕਿ ਇਸ ਵਿਚ ਲੋਕਾਂ ਦੇ ਉਦੇਸ਼ ਸਾਂਝੇ ਹੁੰਦੇ ਹਨ ਅਤੇ ਦੂਜਾ ਕਿ ਇਨ੍ਹਾਂ ਸਮਾਜਿਕ ਆਦਤਾਂ ਵਿਚ ਪਰਿਵਰਤਨ ਹੁੰਦਾ ਰਹਿੰਦਾ ਹੈ ਤਾਂ ਜੋ ਇਨ੍ਹਾਂ ਨੂੰ ਬਦਲੀਆਂ ਹੋਈਆਂ ਸਥਿਤੀਆਂ ਅਨੁਸਾਰ ਢਾਲਿਆ ਜਾ ਸਕੇ। ਲੋਕਰਾਜ ਵਿਚ ਸਮਾਨਤਾ ਦਾ ਅਰਥ ਸਭ ਵਾਸਤੇ ਇਕੋ ਜਿਹਾ ਨਹੀਂ ਹੁੰਦਾ ਸਗੋਂ ਹਰ ਵਿਅਕਤੀ ਨੂੰ ਉਸ ਦੀ ਯੋਗਤਾ ਅਤੇ ਰੁਚੀਆਂ ਦੇ ਅਨੁਸਾਰ ਮੌਕੇ ਮਿਲਣੇ ਚਾਹੀਦੇ ਹਨ। ਅਜਿਹੇ ਸਮਾਜ ਵਿਚ ਅਸਾਧਾਰਣ, ਅੰਗਹੀਣ ਪ੍ਰਤਿਭਾਸ਼ਾਲੀ ਅਤੇ ਵਿਕਲਾਂਗ ਬੱਚਿਆਂ ਨੂੰ ਦੂਜਿਆਂ ਤੋਂ ਅੱਡਰੇ ਕਰ ਕੇ ਸਿੱਖਿਅਤ ਕਰਨ ਉਪਰ ਜੋਰ ਦਿੱਤਾ ਜਾਂਦਾ ਹੈ।

## 5. ਜਾਂਚ ਪੜਤਾਲ ਅਤੇ ਵਿਚਾਰ ਵਟਾਂਦਰੇ ਦੀ ਸੁਤੰਤਰਤਾ (Freedom of Enquiry and Discussion)

ਸੁਤੰਤਰਤਾ ਇਕ ਬੁਨਿਆਦੀ ਮਨੁੱਖੀ ਅਧਿਕਾਰ ਹੈ ਜਿਸਦੀ ਬੁਨਿਆਦ ਮਨੁੱਖੀ ਬਰਾਬਰੀ ਅਤੇ ਸੁਤੰਤਰਤਾ ਜਿਹੜੀ ਲੋਕਤੰਤਰ ਦਾ ਪ੍ਰਤਿਰੂਪ ਸਮਝੀ ਜਾਂਦੀ ਹੈ, ਵਿਅਕਤੀਤਵ ਵਿਕਾਸ ਅਤੇ ਦੇਸ਼ ਕਲਿਆਣ ਦਾ ਸਾਧਨ ਸਮਝੀ ਜਾਂਦੀ ਹੈ। ਵਿਅਕਤੀ ਕਿਉਂਕਿ ਦੂਜਿਆਂ ਨਾਲੋਂ ਵੱਖਰਾ ਹੈ ਉਹ ਸੁਤੰਤਰ ਹੋਣਾ ਚਾਹੀਦਾ ਹੈ ਅਤੇ ਆਪਣੇ ਵਿਅਕਤੀਤਵ ਤੇ ਅਦੁੱਤੀ ਪ੍ਰਾਕਿਰਤੀ ਨੂੰ ਆਪਣੇ ਸਾਥੀਆਂ ਦੀ ਰੋਕ ਟੋਕ ਬਿਨ੍ਹਾਂ ਵਿਖਾਉਣਾ ਚਾਹੁੰਦਾ ਹੈ। ਇਸ ਲਈ ਹਰ ਵਿਅਕਤੀ ਨੂੰ ਆਪਣੀ ਸ਼ਖਸੀਅਤ ਦੇ ਵਿਕਾਸ ਲਈ ਵਿਚਾਰ ਪ੍ਰਗਟਾਵੇ, ਵਿਸ਼ਵਾਸ, ਧਰਮ, ਪੂਜਾ, ਕਿੱਤੇ ਆਦਿ ਦੀ ਸੁਤੰਤਰਤਾ ਦਿੱਤੀ ਜਾਣੀ ਚਾਹੀਦੀ ਹੈ।

### (ੳ) ਜਾਂਚ ਪੜਤਾਲ ਦੀ ਸੁਤੰਤਰਤਾ (Freedom of Enquiry)

ਜਾਂਚ ਪੜਤਾਲ ਦੀ ਸੁਤੰਤਰਤਾ ਇਨ੍ਹਾਂ ਦੋਨਾਂ ਦਾ ਸਿੱਟਾ ਇਹ ਹੈ ਕਿ ਮਨੁੱਖ ਕੁਦਰਤੀ ਤੌਰ ਤੇ ਤਰਕ ਆਧਾਰਿਤ ਹੈ ਅਤੇ ਸੁਤੰਤਰਤਾ ਉਸ ਦਾ ਬੁਨਿਆਦੀ ਅਧਿਕਾਰ। ਪਹਿਲੇ ਵਿਚਾਰ ਸੰਬੰਧੀ ਅਰਸਤੂ (Aristotle) ਨੇ ਮਨੁੱਖ ਨੂੰ ਤਰਕ ਸੰਬੰਧੀ ਪ੍ਰਾਣੀ ਦੱਸਿਆ ਹੈ ਅਤੇ ਕਾਰਟਸ (Cartes) ਨੇ ਕਿਹਾ ਹੈ, ''ਮੈਂ ਸੋਚਦਾ ਹਾਂ, ਇਸ ਲਈ ਮੈਂ ਹਾਂ।" ਦੂਜੇ ਵਿਚਾਰ ਅਨੁਸਾਰ ਰੂਸੋ ਨੇ ਕਿਹਾ, ''ਮਨੁੱਖ ਸੁਤੰਤਰ ਪੈਦਾ ਹੋਇਆ ਹੈ (ਪਰ ਹਰ ਜਗ੍ਹਾ ਉਹ ਜੰਜ਼ੀਰਾਂ ਵਿਚ ਜਕੜਿਆ ਹੋਇਆ ਹੈ)" ਤਿਲਕ (Tilak) ਨੇ ਰਾਜਨੀਤਿਕ ਜੀਵਨ ਸਬੰਧੀ ਲਿਖਿਆ ਹੈ, ''ਸੁਤੰਤਰਤਾ ਮੇਰਾ ਜਨਮ-ਸਿੱਧ ਅਧਿਕਾਰ ਹੈ।" ਇਸ ਤਰ੍ਹਾਂ ਲੋਕਤੰਤਰ ਲਈ ਜਾਂਚ ਪੜਤਾਲੀ ਸੁਤੰਤਰਤਾ ਜ਼ਰੂਰੀ ਹੈ। ਇਹ ਕਿਹਾ ਜਾਂਦਾ ਹੈ ਕਿ ''ਸਥਾਈ ਚੌਕਸੀ ਲੋਕਤੰਤਰ ਦੀ ਚਿਰਸਥਾਈ ਕੀਮਤ ਹੈ।" ਇਸ ਤਰ੍ਹਾਂ ਦੀ ਚੌਕਸੀ ਸੁਤੰਤਰ ਸਮਾਜ ਦੇ ਪੜਤਾਲੀ ਮਨਾਂ ਵਿਚ ਹੀ ਹੋ ਸਕਦੀ ਹੈ। ਨਕਲਚੀ ਮਨ ਜਾਂਚ ਪੜਤਾਲ ਨਹੀਂ ਕਰ ਸਕਦੇ ਸਗੋਂ ਇਹ ਤਾਂ ਤਰਕ ਯੋਗਤਾ ਵਾਲੇ ਮਨ ਹੀ ਕਰ ਸਕਦੇ ਹਨ।

ਸੁਤੰਤਰਤਾ ਆਪਣੇ ਆਪ ਵਿਚ ਇਕ ਅੰਤ ਨਹੀਂ ਹੈ ਸਗੋਂ ਇਕ ਲੋਕਤੰਤਰ ਵਿਚਾਰਾਂ ਦੇ ਸੁਧਾਰ ਅਤੇ ਨਿਰੰਤਰ ਵਿਕਾਸ ਲਈ ਇਕ ਸਾਧਨ ਹੈ। ਜਾਂਚ-ਪੜਤਾਲ ਦਾ ਉਦੇਸ਼ ਲੋਕਤੰਤਰ ਦੀ ਤਬਾਹੀ ਨਹੀਂ ਹੈ। ਸਗੋਂ ਬੱਚਿਆਂ ਨੂੰ ਵਾਦਵਿਵਾਦ ਭਾਈਚਾਰੇ ਵਾਲੇ ਵਿਚਾਰਕ ਟਕਰਾਅ ਤੇ ਸਭਿਆਚਾਰਕ ਗੋਸ਼ਟੀਆਂ ਵਿਚ ਭਾਗ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਸੁਤੰਤਰਤਾ ਨਾਲ ਆਪਣੇ ਮਨ ਦੇ ਵਲਵਲਿਆਂ ਨੂੰ ਪ੍ਰਗਟਾਅ ਸਕਣ।

### (ਅ) ਵਿਚਾਰ ਵਟਾਂਦਰੇ ਦੀ ਸੁਤੰਤਰਤਾ (Freedom of Discussions)

ਇਹ ਸਿਧਾਂਤ ਬਹੁਤ ਮਹੱਤਵਪੂਰਨ ਹੈ। ਲੋਕਤੰਤਰ ਵਿਚ ਹਰ ਵਿਅਕਤੀ ਨੂੰ ਸੋਚਣ ਦੀ ਅਤੇ ਆਪਣੇ ਵਿਚਾਰ ਦੂਜਿਆਂ ਸਾਹਮਣੇ ਪ੍ਰਗਟ ਕਰਨ ਦੀ ਸੁਤੰਤਰਤਾ ਹੁੰਦੀ ਹੈ। ਹਰ ਇਕ ਵਿਅਕਤੀ ਸੁਤੰਤਰ ਸਵੈ-ਪ੍ਰਗਟਾਵੇ ਰਾਹੀਂ ਆਪਣੀਆਂ ਰੁੱਚੀਆਂ ਅਤੇ ਰੁਝਾਂਨਾਂ ਦੇ ਅਨੁਸਾਰ ਸਿਰਜਨਾਤਮਕ ਢੰਗ ਨਾਲ ਸੋਚਦਾ ਹੈ ਅਤੇ ਉਸ ਨੂੰ ਅਜਿਹਾ ਵਿਵਹਾਰ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਇਸ ਉਪਰ ਉਸ ਦੇ ਵਿਅਕਤਿਤਵ ਦੀ ਮੋਹਰ (ਛਾਪ) ਲੱਗੀ ਹੋਈ ਪ੍ਰਤੀਤ ਹੋਵੇ।

ਲੋਕਤੰਤਰ ਵਿਚ ਸਮੱਸਿਆ ਸਮੂਹਿਕ ਤੌਰ ਤੇ ਹੱਲ ਕੀਤੀ ਜਾਂਦੀ ਹੈ। ਲੋਕਤੰਤਰ ਤਾਂ ਹੀ ਸਫਲ ਸਾਬਿਤ ਹੁੰਦਾ ਹੈ ਜੇਕਰ ਵਿਅਕਤੀਆਂ ਨੂੰ ਬੇਰੋਕ ਸੁਤੰਤਰਤਾ ਨਾਲ ਆਪਾ ਪ੍ਰਗਟਾਉਣ ਦੀ ਖੁੱਲ੍ਹ ਹੋਵੇ। ਇਥੇ ਕਿਸੇ ਦੇ ਵਿਚਾਰ ਦੂਜਿਆਂ ਤੇ ਥੋਪੇ ਜਾਣ ਦਾ ਸਵਾਲ ਹੀ ਨਹੀਂ

ਉੱਠਦਾ। ਉਹ ਵਿਚਾਰ ਵਟਾਂਦਰੇ ਨਾਲ ਦੂਜਿਆਂ ਨੂੰ ਆਪਣੇ ਵਿਚਾਰਾਂ ਬਾਰੇ ਯਕੀਨ ਦੁਆ ਸਕਦਾ ਹੈ। ਉਹ ਆਪਣੇ ਵਿਚਾਰਾਂ ਨੂੰ ਵਿਸਥਾਰ ਨਾਲ ਦੱਸ ਸਕਦਾ ਹੈ ਅਤੇ ਇਸ ਨੂੰ ਸਮਾਜ ਭਲਾਈ ਦੇ ਤੌਰ ਤੇ ਸਵੀਕਾਰ ਕਰਵਾਉਣ ਲਈ ਯੋਗ ਹਾਲਾਤ ਬਣਾ ਸਕਦਾ ਹੈ। ਜੇ ਜਨਤਾ ਉਸ ਦੇ ਵਿਚਾਰਾਂ ਨੂੰ ਠੀਕ ਸਮਝਦੀ ਹੈ ਤਾਂ ਉਸਦੇ ਵਿਚਾਰਾਂ ਨੂੰ ਸਮੂਹਿਕ ਤੌਰ ਤੇ ਸਵੀਕਾਰ ਕਰ ਲਿਆ ਜਾਂਦਾ ਹੈ।

### 6. ਮਨੁੱਖ ਸਿੱਖਿਆ ਲੈਣ ਦੇ ਯੋਗ ਹੈ। (Man is Educable)

ਉੱਪਰ ਕੀਤੇ ਵਿਚਾਰ ਵਟਾਂਦਰੇ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਮਨੁੱਖ ਨੂੰ ਸਿੱਖਿਅਤ ਕੀਤਾ ਜਾ ਸਕਦਾ ਹੈ ਜਾਂ ਉਹ ਸਿੱਖਿਆ ਲੈਣ ਦੇ ਯੋਗ ਹੈ ਅਤੇ ਉਸ ਨੂੰ ਲੋਕਤੰਤਰ ਵਿਚ ਵਿਸ਼ਵਾਸ ਕਰਨ ਲਈ ਅਤੇ ਉਸ ਦੀ ਸਫਲਤਾ ਲਈ ਸਿੱਖਿਆ ਦਿੱਤੀ ਜਾ ਸਕਦੀ ਹੈ।

ਇਸ ਦਾ ਮਤਲਬ ਹੈ ਕਿ ਲੋਕਤੰਤਰ ਦੀ ਸਫਲਤਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਹਰ ਵਿਅਕਤੀ ਨੂੰ ਰਸਮੀ, ਗੈਰ ਰਸਮੀ ਜਾਂ ਅਨਰਸਮੀ ਸਾਧਨਾਂ ਰਾਹੀਂ ਸਿੱਖਿਅਤ ਕੀਤਾ ਜਾ ਸਕਦਾ ਹੈ ਅਤੇ ਲੋਕਤੰਤਰ ਵਿਚ ਸਿੱਖਿਆ ਹਰ ਇਕ ਨਾਗਰਿਕ ਦਾ ਅਧਿਕਾਰ ਹੈ। ਵਿਅਕਤੀ ਦੇ ਸੁਭਾਵਿਕ ਗੁਣ ਹਨ - ਸਵੈ ਸੰਚਾਲਨ, ਆਤਮ-ਗਿਆਨ, ਇਸ ਤੋਂ ਬਿਨ੍ਹਾਂ ਗਤੀਸ਼ੀਲਤਾ ਅਤੇ ਵੱਖਰੇਵਾਂ ਕਰਨ ਦੀ ਸ਼ਕਤੀ।

## 2.4.5 ਭਾਰਤ-ਇਕ ਸਾਮਰਾਜ ਲੋਕਤੰਤਰੀ ਗਣਰਾਜ (India-A Sovereign, Socialist, Secular, Democratic Republic)

ਭਾਰਤ ਅਗਸਤ 1947 ਵਿਚ ਆਜ਼ਾਦ ਹੋਇਆ। ਪਹਿਲਾ ਪ੍ਰਸ਼ਨ ਇਸਦੇ ਭਵਿੱਖ ਵਿਚ ਰਾਜਨੀਤਿਕ ਬਣਤਰ ਦਾ ਉਠਿਆ। ਵਿਧਾਨ ਸਭਾ ਦੁਆਰਾ ਪੇਸ਼ ਕੀਤੇ ਜਾਣ ਪਿੱਛੋਂ 26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਮਨਜ਼ੂਰ ਕੀਤਾ ਗਿਆ।

ਸੰਵਿਧਾਨ ਦਾ ਮੁੱਖ-ਬੰਧ ਰਾਜਨੀਤਿਕ ਸਿਧਾਂਤ ਨੂੰ ਸਪੱਸ਼ਟ ਤੌਰ ਤੇ ਸਮਝਣ ਲਈ ਤਿਆਰ ਕਰਦਾ ਹੈ।

ਅਸੀਂ ਭਾਰਤ ਦੇ ਲੋਕ, ਗੰਭੀਰਤਾ ਰੱਖਦੇ ਹੋਏ ਭਾਰਤ ਨੂੰ ਇਕ ਸਾਮਰਾਜ ਲੋਕਤੰਤਰੀ ਗਣਰਾਜ ਸਥਾਪਿਤ ਕਰਨ ਦਾ ਨਿਸ਼ਚੈ ਕਰਦੇ ਹਾਂ ਅਤੇ ਇਸ ਦੇ ਸਾਰੇ ਨਾਗਰਿਕਾਂ ਨੂੰ ਇਹ ਸੁਰੱਖਿਆ ਪ੍ਰਦਾਨ ਕਰਦੇ ਹਾਂ।

| | | |
|---|---|---|
| ਨਿਆਂ | : | ਸਮਾਜਿਕ, ਆਰਥਿਕ ਅਤੇ ਰਾਜਨੀਤਿਕ |
| ਆਜ਼ਾਦੀ | : | ਵਿਚਾਰ, ਵਿਸ਼ਵਾਸ, ਧਰਮ ਅਤੇ ਉਪਾਸਨਾ ਦੀ, |
| ਸਮਾਨਤਾ | : | ਅਹੁੱਦੇ ਅਤੇ ਮੌਕੇ ਦੀ ਅਤੇ ਸਾਰਿਆਂ ਵਿਚ ਇਸ ਨੂੰ ਉਤਸ਼ਾਹਿਤ ਕਰਨਾ, |
| ਭਾਈਚਾਰਾ | : | ਵਿਅਕਤੀ ਦੀ ਸ਼ਖਸੀਅਤ ਅਤੇ ਰਾਸ਼ਟਰ ਦੀ ਏਕਤਾ ਦਾ ਯਕੀਨ ਦਿਵਾਉਣਾ। |

ਇਹ ਸ਼ਬਦ ਉਹ ਸਭ ਕੁਝ ਵਰਣਨ ਕਰਦੇ ਹਨ ਜੋ ਕਿ ਭਾਰਤੀ ਸਮਾਜ ਵਿਚ ਉਪਯੋਗੀ ਹੈ। ਇਕ ਸਹਾਇਕ ਸਿਧਾਂਤ ਅਗਵਾਈ ਕਰਨ ਦੇ ਕਥਨ, ਸਮਾਜਿਕ ਜੀਵਨ ਦੇ ਆਦਰਸ਼ ਅਤੇ ਬੁਨਿਆਦ ਜਿਸ ਉਪਰ ਭਵਿੱਖ ਦੇ ਕਾਨੂੰਨ ਅਤੇ ਵਿਵਸਥਾ ਸਥਾਪਿਤ ਹੋਣੀ ਹੈ। ਸਾਡੀ ਜ਼ਿੰਦਗੀ ਅੱਜ ਕੱਲ੍ਹ ਹਰ ਕਦਮ ਤੇ ਇਨ੍ਹਾਂ ਦੁਆਰਾ ਪ੍ਰਭਾਵਿਤ ਹੁੰਦੀ ਹੈ। ਸਾਨੂੰ ਆਪਣੇ ਆਪ ਨੂੰ ਇਨ੍ਹਾਂ ਦੇ ਸਾਂਚੇ ਅਨੁਸਾਰ ਢਾਲਣਾ ਚਾਹੀਦਾ ਹੈ। ਇਹ ਭਾਵੇਂ ਸਿਰਫ ਸਿੱਖਿਆ ਦੁਆਰਾ ਹੀ ਸੰਭਵ ਹੈ।

ਇਸ ਤਰ੍ਹਾਂ ਸੰਵਿਧਾਨ ਦੇ ਮੁੱਖ ਬੰਧ ਵਿਚ ਸਿੱਖਿਅਕਾਂ ਅਤੇ ਪ੍ਰਬੰਧਕਾਂ ਲਈ ਦੋ ਤਰ੍ਹਾਂ ਦੇ ਕਰਤੱਵ ਦਿੱਤੇ ਹਨ:

1. ਲੋਕਾਂ ਨੂੰ ਸਿੱਖਿਆ ਦੇਣੀ ਤਾਂ ਜੋ ਉਹ ਸਾਡੇ ਸੰਵਿਧਾਨ ਵਿਚ ਦਿੱਤੇ ਸਿਧਾਂਤਾਂ ਜਾਂ ਆਦਰਸ਼ਾਂ ਨੂੰ ਸਮਝ ਸਕਣ ਅਤੇ ਉਨ੍ਹਾਂ ਨੂੰ ਸਿਖਲਾਈ ਦੇਣੀ ਤਾਂ ਜੋ ਉਹ ਆਪਣੀ ਜ਼ਿੰਦਗੀ ਵਿਚ ਉਨ੍ਹਾਂ ਨੂੰ ਵਰਤੋਂ ਵਿਚ ਲਿਆ ਸਕਣ।
2. ਇਲਾਕੇ ਦੇ ਨਾਗਰਿਕਾਂ ਨੂੰ ਸਿੱਖਿਆ ਦੀਆਂ ਸਹੂਲਤਾਂ ਦੇਣੀਆਂ ਅਤੇ ਸਭ ਨੂੰ ਬਰਾਬਰ ਮੌਕੇ ਦੇਣੇ ਤਾਂ ਜੋ ਸਾਰੀਆਂ ਜਮਾਤਾਂ ਦੇ ਲੋਕ ਆਪਣੇ ਸਮਾਜਿਕ ਪੱਧਰ ਨੂੰ ਉਚੱਾ ਚੁੱਕ ਸਕਣ।

## 2.4.6 ਸਿੱਖਿਆ ਅਤੇ ਲੋਕਤੰਤਰ (Education and Democracy)

ਲੋਕਤੰਤਰ ਵਿਚ ਸਿੱਖਿਆ ਦਾ ਮਹੱਤਵ ਕਿਸੇ ਤੋਂ ਛੁਪਿਆ ਨਹੀਂ। ਸਿੱਖਿਆ ਹੀ ਲੋਕਤੰਤਰ ਦਾ ਆਧਾਰ ਹੈ ਕਿਉਂਕਿ ਪੜ੍ਹੇ

ਲਿਖੇ ਨਾਗਰਿਕ ਹੀ ਲੋਕਰਾਜ ਨੂੰ ਸਫਲ ਬਣਾ ਸਕਦੇ ਹਨ। ਅਨਪੜ੍ਹ ਵੋਟਰਾਂ ਦੇ ਹੱਕਾਂ ਵਿਚ ਲੋਕਰਾਜ ਛੇਤੀ ਹੀ ਇਕ ਨਿਰੰਕੁਸ਼ ਰਾਜ ਦਾ ਰੂਪ ਧਾਰਨ ਕਰ ਲੈਂਦਾ ਹੈ। ਸਾਰੀ ਸ਼ਕਤੀ ਕੁਝ ਕੁ ਸੁਆਰਥੀ ਲੋਕਾਂ ਦੇ ਹੱਥ ਵਿਚ ਆ ਜਾਂਦੀ ਹੈ ਜਿਹੜੇ ਲੋਕਾਂ ਦੀ ਅਨਪੜ੍ਹਤਾ ਤੋਂ ਫਾਇਦਾ ਉਠਾ ਕੇ ਰਾਜਨੀਤਿਕ ਸ਼ਕਤੀ ਤੇ ਭਾਰੂ ਹੋ ਜਾਂਦੇ ਹਨ।

ਸੰਵਿਧਾਨ ਦੇ ਨਿਰਦੇਸ਼ਾਤਮਕ ਸਿਧਾਂਤ (Directive Principles) ਵਿਚ ਸਿੱਖਿਆ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ। ਸਮਾਜਿਕ ਸੂਝ-ਬੂਝ ਵਾਲੇ ਚੰਗੇ ਸ਼ਹਿਰੀਆਂ ਦੇ ਨਿਰਮਾਣ ਤੋਂ ਬਿਨ੍ਹਾਂ ਲੋਕ ਰਾਜ ਅਧੂਰਾ ਤੇ ਅਸਫਲ ਹੋ ਜਾਂਦਾ ਹੈ। ਲੋਕਰਾਜੀ ਸਿੱਖਿਆ ਵਿਅਕਤੀਗਤ ਜੀਵਨ ਦੇ ਉਚਿਆਉਣ ਨੂੰ ਆਪਣੇ ਉਦੇਸ਼ ਮੰਨਦੀ ਹੈ। ਇਸੇ ਲਈ ਸਾਰਿਆਂ ਲਈ ਲਾਜ਼ਮੀ ਅਤੇ ਮੁਫਤ ਪ੍ਰਾਇਮਰੀ ਸਿੱਖਿਆ ਨੂੰ ਨਿਰਦੇਸ਼ਾਤਮਕ ਸਿਧਾਂਤ ਬਣਾਇਆ ਗਿਆ ਹੈ।

ਸੰਵਿਧਾਨ ਦੀ ਧਾਰਾ 45 ਵਿਚ ਕਿਹਾ ਗਿਆ ਸੀ ਕਿ 10 ਸਾਲਾਂ ਵਿਚ ਅਗਸਤ 1960 ਤੱਕ 14 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਸਰਵ-ਵਿਆਪਕ ਲਾਜ਼ਮੀ ਸਿੱਖਿਆ ਦੇ ਦਿੱਤੀ ਜਾਵੇਗੀ। ਪਰ ਬਦਕਿਸਮਤੀ ਨਾਲ ਇਹ ਨਿਰਦੇਸ਼ ਪੂਰਾ ਨਹੀਂ ਹੋ ਸਕਿਆ। ਹੁਣ ਦੀ ਤਰੱਕੀ ਦੀ ਦਰ ਤੋਂ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਨਿਰਦੇਸ਼ 1990 ਜਾਂ 1995 ਤੱਕ ਪੂਰਾ ਕਰ ਲਿਆ ਜਾਵੇ ਗਾ। ਇਹ ਨਿਰਦੇਸ਼ ਕਿਉਂ ਨਹੀਂ ਪੂਰਾ ਹੋਇਆ? ਅਤੇ ਇਸ ਨੂੰ ਪੂਰਾ ਕਰਨ ਲਈ ਹੋਰ ਸਾਲ ਕਿਉਂ ਲੱਗਣਗੇ? ਇਨ੍ਹਾਂ ਪ੍ਰਸ਼ਨਾਂ ਦੇ ਜਵਾਬ ਲਈ ਪ੍ਰਾਇਮਰੀ ਸਿੱਖਿਆ ਦੀਆਂ ਔਕੜਾਂ ਬਾਰੇ ਸੁਚੇਤ ਵਿਸ਼ਲੇਸ਼ਣ ਦੀ ਲੋੜ ਹੈ।

ਭਾਰਤ ਵਿਚ ਢੁੱਕਵੀਆਂ ਔਕੜਾਂ ਬਾਰੇ ਜਾਨਣ ਤੋਂ ਪਹਿਲਾਂ ਅਸੀਂ ਆਮ ਸਿਧਾਂਤਾਂ ਬਾਰੇ ਪੜ੍ਹਾਂਗੇ ਜਿਹੜੇ ਲੋਕਤੰਤਰ ਲਈ ਸਿੱਖਿਆ ਵਿਚ ਉਸੇ ਤਰ੍ਹਾਂ ਸ਼ਾਮਿਲ ਹਨ।

**ਡਿਊਈ (Dewey)** ਕਹਿੰਦਾ ਹੈ ਕਿ ਲੋਕਤੰਤਰ ਦੀ ਸਿੱਖਿਆ ਲਈ ਉਪਾਸ਼ਨਾ ਇਕ ਪਰਿਚਿੱਤ ਤੱਥ ਹੈ। ਪ੍ਰਚਲਿਤ ਮੱਤ ਅਧਿਕਾਰ ਨਾਲ ਚਲਣ ਵਾਲੀ ਸਰਕਾਰ ਉਦੋਂ ਤੱਕ ਕਾਮਯਾਬ ਨਹੀਂ ਹੋ ਸਕਦੀ, ਜਦ ਤਕ ਉਹ ਜੋ ਸ਼ਾਸਨ ਕਰਨ ਵਾਲੇ ਅਤੇ ਆਗਿਆ ਪਾਲਣ ਕਰਨ ਵਾਲੇ, ਉਨ੍ਹਾਂ ਦੇ ਰਾਜਪਾਲ ਪੜ੍ਹ ਲਿਖ ਨਹੀਂ ਸਕਦੇ।

**ਥਾਮਸ ਜੈਫਰਸਨ (Thomas Jafferson)** ਨੇ ਕਿਹਾ ਕਿ ''ਇਹ ਨਾਮੁਮਕਿਨ ਹੈ ਕਿ ਵਿਅਕਤੀ ਆਜ਼ਾਦ ਅਤੇ ਅਨਜਾਣ ਦੋਨੋਂ ਹੋਵੇ।'' ਇਕ ਹੋਰ ਮੱਤ ਅਨੁਸਾਰ ਅਨਜਾਣਪਨ 'ਗੁਲਾਮੀ' ਹੈ ਜਦ ਕਿ ਗਿਆਨ 'ਸੁਤੰਤਰਤਾ' ਹੈ।

**ਪਲੈਟੋ (Plato)** ਨੇ ਕਿਹਾ ਹੈ ਕਿ ਇਕ ਗੁਲਾਮ ਉਹ ਹੈ ਜੋ ਕਿ ਦੂਸਰੇ ਦੇ ਇਰਾਦਿਆਂ ਨੂੰ ਸਵੀਕਾਰ ਕਰਦਾ ਹੈ। ਜਿਹੜੇ ਉਸਦੇ ਆਚਾਰ-ਵਿਹਾਰ ਨੂੰ ਕਾਬੂ ਕਰਦੇ ਹਨ।

**ਬਰਨਾਰਡ ਸ਼ਾਅ (Bernard Shaw)** ਨੇ ਸਿੱਖਿਆ ਦੇ ਲੋਕਤੰਤਰ ਵਿਚ ਮੁੱਲ ਨੂੰ ਆਪਣੇ ਹੀ ਵਿਅੰਗਾਤਮਕ ਵਿਸ਼ੇਸ਼ਤਾ ਵਾਲੇ ਰਵੱਈਏ ਨਾਲ ਦੱਸਿਆ ਹੈ, ''ਲੋਕਤੰਤਰ ਤੋਂ ਭਾਵ ਬਹੁਤ ਸਾਰਿਆਂ ਦੁਆਰਾ ਕੁਝ ਭ੍ਰਿਸ਼ਟ ਲੋਕਾਂ ਦੀ ਚੋਣ ਕਰਨਾ ਹੈ। ਇਸ ਲਈ, ਸਿੱਖਿਆ ਲੋਕਾਂ ਦਾ ਮਨੋਬਲ ਉੱਚਾ ਕਰਨ ਅਤੇ ਨਿਰਬਲਤਾ ਦੇ ਪਿੱਛੇ ਛੱਡਣ ਦਾ ਇਕ ਵੱਡਾ ਸਾਧਨ ਹੈ। ਇਹ ਲੋਕਤੰਤਰ ਕੀਮਤਾਂ ਦਾ ਦੂਰ ਤੱਕ ਫੈਲੇ ਹੋਏ ਪ੍ਰਸ਼ਾਸ਼ਨ ਦਾ ਸਾਧਨ ਵੀ ਹੈ।''

## 2.4.7 ਲੋਕਤੰਤਰ ਲਈ ਸਿੱਖਿਆ ਦੇ ਕਰਤੱਵ (Tasks Before Education for Democracy)

ਲੋਕਤੰਤਰ ਲਈ ਸਿੱਖਿਆ ਦੀ ਹਰ ਪ੍ਰਣਾਲੀ ਨੂੰ ਕੁਝ ਖਾਸ ਕਰਤੱਵ ਪੂਰੇ ਕਰਨੇ ਚਾਹੀਦੇ ਹਨ ਜੋ ਕਿ ਬਹੁਤ ਸਾਰੇ ਅਤੇ ਪਰਿਵਰਤਿਤ ਹਨ। ਹੇਠਾਂ ਲਿਖਿਆਂ ਨੂੰ ਇਸ ਲਈ ਪ੍ਰਧਾਨਤਾ ਦਿੱਤੀ ਜਾ ਸਕਦੀ ਹੈ:

(1) ਸਨਮਾਨ ਅਤੇ ਉਪਭੋਗ ਦਾ ਵਿਕਾਸ ਕਰਨਾ।

(2) ਸਾਰੀ ਮਾਨਵਤਾ ਲਈ ਸਤਿਕਾਰ ਦਾ ਵਿਕਾਸ ਕਰਨਾ।

(3) ਨਾਗਰਿਕ ਹੋਣ ਦੇ ਨਾਤੇ ਹਰ ਵਿਅਕਤੀ ਦੇ ਕਰਤੱਵਾਂ ਬਾਰੇ ਪੂਰਨ ਗਿਆਨ ਦਾ ਵਿਕਾਸ ਕਰਨਾ।

(4) ਜੀਵਨ ਦੇ ਤੰਦਰੁਸਤ ਅਤੇ ਅਗਾਂਹ-ਵਧੂ ਵਿਚਾਰ ਦਾ ਵਿਕਾਸ ਕਰਨਾ।

(5) ਈਮਾਨਦਾਰੀ, ਆਦਰਸ਼ ਅਤੇ ਨਿਆਂ ਦਾ ਵਿਕਾਸ ਕਰਨਾ।

(6) ਸਾਰੇ ਰਾਸ਼ਟਰੀ ਕਰਤੱਵਾਂ ਲਈ ਰੋਜ਼ਗਾਰ ਦਾ ਨਿਪੁੰਨਤਾ ਨਾਲ ਵਿਕਾਸ ਕਰਨਾ।

(7) ਸਮਾਯੋਜਨ ਅਤੇ ਸਮਾਜਿਕ ਅਨੁਕੂਲਤਾ ਦੀ ਕਲਾ ਦਾ ਵਿਕਾਸ ਕਰਨਾ।

(8) ਸਮਾਜਿਕ ਕੋਸ਼ਿਸ਼ਾਂ ਦੇ ਸਾਰੇ ਖੇਤਰਾਂ ਵਿਚ ਯੋਗਤਾ, ਸਿਖਲਾਈ, ਚਰਿੱਤਰ-ਬਲ ਅਤੇ ਉੱਤਮਤਾ ਦੇ ਸਤਿਕਾਰ ਦਾ ਵਿਕਾਸ ਕਰਨਾ।

(9) ਇਲਾਕੇ ਦੇ ਕਾਨੂੰਨ ਲਈ ਸਤਿਕਾਰ ਦਾ ਵਿਕਾਸ ਕਰਨਾ।

(10) ਵਿਰੋਧ ਕਰਨ ਅਤੇ ਤੰਦਰੁਸਤ ਆਲੋਚਨਾ ਲਈ ਸਤਿਕਾਰ ਦਾ ਵਿਕਾਸ ਕਰਨਾ।

## 2.4.8 ਸਿੱਖਿਆ ਦੁਆਰਾ ਸਮਾਨਤਾ (Equality through Education)

ਸੰਵਿਧਾਨ ਵਿਚ 'ਸਮਾਨਤਾ' ਅਤੇ 'ਨਿਆਂ' ਸ਼ਬਦ ਬਹੁਤ ਮਹੱਤਵਪੂਰਣ ਹਨ। ਇਨ੍ਹਾਂ ਅਨੁਸਾਰ ਹਰ ਮਰਦ ਅਤੇ ਔਰਤ ਨੂੰ ਹਰ ਗੱਲ ਵਿਚ ਖਾਸ ਕਰ ਸਿੱਖਿਆ ਦੇ ਮਾਮਲੇ ਵਿਚ ਬਰਾਬਰ ਸਮਝਣਾ ਚਾਹੀਦਾ ਹੈ। ਇਹ ਬਾਕੀ ਸਾਰੇ ਮਾਮਲਿਆਂ ਲਈ ਵੀ ਨਿਆਂ ਦੀ ਮੰਗ ਕਰਦੇ ਹਨ। ਇਸ ਕਰਕੇ ਉਚਿਤ ਜਾਪਦੇ ਹਨ ਕਿਉਂਕਿ ਇਤਿਹਾਸਕ ਪੱਖ ਤੋਂ ਭਾਰਤੀ ਸਮਾਜ ਜਾਤੀ ਪ੍ਰਥਾ ਤੋਂ ਕਸ਼ਟ ਸਹਿੰਦਾ ਆ ਰਿਹਾ ਹੈ। ਅਗਸਤ 1947 ਤੋਂ ਭਾਰਤ ਆਜ਼ਾਦ ਹੋਇਆ, ਸਾਰੀ ਜਨਸੰਖਿਆ ਵਿਚੋਂ ਕੇਵਲ 15% ਪੜ੍ਹੇ ਲਿਖੇ ਹਨ, ਔਰਤਾਂ ਦੀ ਪ੍ਰਤੀਸ਼ਤ ਦਰ ਖਾਸ ਕਰ ਪੇਂਡੂ ਆਬਾਦੀ ਵਿਚ ਬਹੁਤ ਚਿੰਤਾਜਨਕ ਸੀ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਸੰਵਿਧਾਨ ਵਿਚ ਜੋ ਇਕ ਮਹੱਤਵਪੂਰਣ ਕਰਤੱਵ ਦਾ ਫੈਸਲਾ ਕੀਤਾ ਗਿਆ ਉਹ ਸੀ ਸਾਰਿਆਂ ਲਈ ਸਿੱਖਿਆ ਦੀ ਸਰਵਵਿਆਪਕ ਵਿਵਸਥਾ।

ਸ਼ਬਦ 'ਭਾਈਚਾਰਾ' ਵੀ ਉੱਨੀ ਹੀ ਮਹੱਤਤਾ ਰੱਖਦਾ ਹੈ। ਭਾਈਚਾਰੇ ਦਾ ਵਿਚਾਰ ਦੱਸਦਾ ਹੈ ਕਿ ਹਰ ਵਿਅਕਤੀ ਦੂਜਿਆਂ ਦਾ ਸਹਾਇਕ ਮਜ਼ਦੂਰ ਹੈ। ਉਹ ਦੂਜਿਆਂ ਨਾਲ ਰਹਿੰਦਾ ਹੈ, ਸਹਿਕਾਰਤਾ ਦੇ ਮੁੱਲ ਨੂੰ ਦੂਜਿਆਂ ਨਾਲ ਖੇਡ ਕੇ ਮਹਿਸੂਸ ਕਰਦਾ ਹੈ। ਉਹ ਸਮਝਦਾ ਹੈ ਕਿ ਉਹ ਸਮਾਜ ਤੋਂ ਵੱਖ ਹੋ ਕੇ ਇਕੱਲਾ ਨਹੀ ਰਹਿ ਸਕਦਾ ਜਿਸ ਤਰ੍ਹਾਂ ਰਾਬਿੰਨਸਨ ਕਰੂਸੋ (Rubinson Crusio) ਨੇ ਕੀਤਾ। ਉਹ ਆਪਣੀਆਂ ਬੌਧਿਕ ਅਤੇ ਹੋਰ ਜ਼ਰੂਰਤਾਂ ਲਈ ਦੂਜਿਆਂ ਦੇ ਯੋਗਦਾਨ ਤੇ ਨਿਰਭਰ ਕਰਦਾ ਹੈ। ਇਸ ਲਈ ਦੂਜਿਆਂ ਨੂੰ ਸਹਿਯੋਗ ਦਿੰਦਾ ਹੈ, ਇਕ ਸਾਂਝੇ ਉਦੇਸ਼ ਦੀ ਪ੍ਰਾਪਤੀ ਲਈ ਯੋਗਦਾਨ ਦਿੰਦਾ ਹੈ, ਅਤੇ ਸਮੂਹਿਕ ਜ਼ਿੰਦਗੀ ਦੇ ਫ਼ਾਇਦਿਆਂ ਨੂੰ ਦੂਜਿਆਂ ਨਾਲ ਵੰਡਦਾ ਹੈ। ਭਾਈਚਾਰਾ ਅਤੇ ਹਮਦਰਦੀ ਲੋਕਤੰਤਰ ਦੇ ਸਹਾਇਕ ਸਿਧਾਂਤ ਹਨ ਅਤੇ ਸਿੱਖਿਆ ਦੀ ਇਕ ਵੱਡੀ ਸਮੱਗਰੀ ਹੈ।

## 2.4.9 ਨਵੀਂ ਸਿੱਖਿਆ ਨੀਤੀ (1986) (New Education Policy 1986)

ਨਵੀਂ ਸਿੱਖਿਆ ਨੀਤੀ ਸਿੱਖਿਆ ਦੀ ਭੂਮਿਕਾ ਨੂੰ ਮਾਨਵੀ ਸਾਧਨ ਵਿਕਾਸ ਦੀ ਪ੍ਰਕ੍ਰਿਆ ਵਿਚ ਬਹੁਤ ਜ਼ਿਆਦਾ ਮਾਨਤਾ ਦਿੰਦੀ ਹੈ। ਇਹ ਠੀਕ ਹੀ ਜ਼ੋਰ ਦਿੰਦੀ ਹੈ ਕਿਉਂਕਿ ਸਿੱਖਿਆ ਇਕ ਸਹੀ ਰਸਤਾ ਹੈ ਜੋ ਕਿ ਇਹ ਯਕੀਨ ਦਿਵਾਉਂਦਾ ਹੈ ਕਿ ਵਿਕਾਸ ਦੇ ਸਾਰੇ ਲਾਭ ਸਮਾਜ ਦੇ ਸਾਰੇ ਭਾਗਾਂ ਵਿਚ ਪਹੁੰਚਦੇ ਹਨ।

ਇਸ ਤਰ੍ਹਾਂ ਨੀਤੀ ਪੂਰੀ ਮਾਨਤਾ ਦਿੰਦੀ ਹੈ ਕਿ ਅੰਤਰ ਖ਼ਤਮ ਕਰ ਦੇਣੇ ਚਾਹੀਦੇ ਹਨ ਅਤੇ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਸਿੱਖਿਆ ਨੀਤੀ ਨੇ ਹੇਠ ਲਿਖੇ ਪੱਖ ਪੇਸ਼ ਕੀਤੇ ਹਨ।

### 1. ਇਸਤਰੀਆਂ ਦੀ ਸਿੱਖਿਆ (Women's Education)

ਸਿੱਖਿਆ ਦੁਆਰਾ ਇਸਤਰੀਆਂ ਨੂੰ ਸ਼ਕਤੀ ਦੇਣਾ ਮੁੱਖ ਉਦੇਸ਼ ਰਿਹਾ। ਇਸਤਰੀਆਂ ਦੇਸ਼ ਦੀ ਕੁੱਲ ਜਨਸੰਖਿਆ ਦਾ 50% ਹਨ।

ਇਸਤਰੀਆਂ ਦੀ ਅਨਪੜ੍ਹਤਾ ਹਟਾਉਣ ਅਤੇ ਮੁੱਢਲੀ ਸਿੱਖਿਆ ਦੇ ਲਈ ਉਨ੍ਹਾਂ ਦੀ ਪਹੁੰਚ ਅਤੇ ਸਮਰਪਣ ਵਿਚ ਆਉਂਦੀਆਂ ਮੁਸ਼ਕਲਾਂ ਨੂੰ ਰੋਕਣ ਲਈ, ਸਮਾਜਿਕ ਸਹਾਇਤਾ ਸੇਵਾਵਾਂ, ਮੌਕੇ ਦੇ ਨਿਸ਼ਾਨਾਂ ਨੂੰ ਨਿਸ਼ਚਿਤ ਕਰਨਾ ਅਤੇ ਪ੍ਰਭਾਵਪੂਰਨ ਮਾਨੀਸਟਰੀ ਦੀ ਵਿਵਸਥਾ ਦੁਆਰਾ ਰੱਦ ਕਰਨ ਦੀ ਪਹਿਲ ਦਿੱਤੀ ਜਾਵੇਗੀ। ਜ਼ਿਆਦਾ ਜ਼ੋਰ ਵੱਖ-ਵੱਖ ਪੜ੍ਹਾਵਾਂ ਤੇ ਇਸਤਰੀਆਂ ਦੇ ਕਿੱਤੇ ਸੰਬੰਧੀ, ਤਕਨੀਕ ਅਤੇ ਵਿਵਸਾਇਕ ਸਿੱਖਿਆ ਲਈ ਭਾਗ ਲੈਣ ਤੇ ਦਿੱਤਾ ਜਾਵੇਗਾ। ਨਿਰ-ਪੱਖਪਾਤ ਦੀ ਨੀਤੀ ਨੂੰ ਕਿੱਤੇ ਸੰਬੰਧੀ ਅਤੇ ਵਿਵਸਾਇਕ ਪਾਠਕ੍ਰਮ ਇਸਤਰੀ ਮਰਦ ਪੈਦਾ ਨੂੰ ਦੂਰ ਕਰਨ ਅਤੇ ਇਸਤਰੀਆਂ ਦੇ ਅਣ-ਰਵਾਇਤੀ ਕਿੱਤਿਆਂ ਅਤੇ ਨਾਲ ਹੀ ਮੌਜੂਦਾ ਅਤੇ ਫੌਰੀ ਤਕਨੀਕਾਂ ਵਿਚ ਭਾਗ ਲੈਣ ਲਈ ਜਾਰੀ ਰੱਖਣ ਲਈ ਜ਼ੋਰ ਦਿੱਤਾ ਜਾਵੇਗਾ।"

## 2. ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੀ ਸਿੱਖਿਆ

### (Education of the Scheduled Castes and Scheduled Tribes)

ਅਨੁਸੂਚਿਤ ਜਾਤੀਆਂ ਦੇ ਸਿੱਖਿਆ ਸੰਬੰਧੀ ਵਿਕਾਸ ਦਾ ਕੇਂਦਰੀ ਖੇਤਰ ਉਨ੍ਹਾਂ ਦੀ ਬਾਕੀ ਜਾਤੀਆਂ ਦੀ ਜਨਸੰਖਿਆ ਨਾਲ ਸਿੱਖਿਆ ਦੇ ਸਾਰੇ ਪੜ੍ਹਾਵਾਂ ਅਤੇ ਪੱਧਰਾਂ ਤੇ ਸਾਰੇ ਖੇਤਰਾਂ ਵਿਚ ਅਤੇ ਸਾਰੀਆਂ ਚਾਰ ਪਰਿਮਾਣਾਂ ਵਿਚ ਪੇਂਡੂ ਮਰਦਾਂ, ਪੇਂਡੂ ਇਸਤਰੀਆਂ, ਸ਼ਹਿਰੀ ਮਰਦ ਅਤੇ ਸ਼ਹਿਰੀ ਇਸਤਰੀਆਂ ਵਿਚ ਬਰਾਬਰਤਾ ਹੈ।

ਇਸ ਉਦੇਸ਼ ਦੀ ਪ੍ਰਾਪਤੀ ਲਈ ਵਿਚਾਰੇ ਗਏ ਉਪਾਅ ਇਸ ਤਰ੍ਹਾਂ ਹਨ :

(ੳ) ਗਰੀਬ ਪਰਿਵਾਰਾਂ ਨੂੰ ਪ੍ਰੇਰਿਤ ਕਰਨਾ।

(ਅ) ਸਫਾਈ ਕਰਨ, ਚਮੜਾ ਉਧੇੜਨ, ਕੱਚੇ ਚਮੜੇ ਨਾਲ ਕਮਾਉਣ ਦੀ ਕਲਾ ਆਦਿ ਅਜਿਹੇ ਕਿੱਤਿਆਂ ਵਿੱਚ ਲਗੇ ਪਰਿਵਾਰਾਂ ਨੂੰ ਪੂਰਣ ਮੈਟ੍ਰਿਕ ਵਜੀਫਾ ਸਕੀਮ ਜੋ ਕਿ ਪਹਿਲੀ ਜਮਾਤ ਤੋਂ ਸ਼ੁਰੂ ਕੀਤਾ ਜਾਵੇ, ਲਾਗੂ ਕੀਤੀ ਜਾਵੇ।

(ੲ) ਕਿਸੇ ਵੀ ਪੜਾਅ ਤੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਦਾਖਲੇ, ਸਮਰਣ ਅਤੇ ਪਾਠਕ੍ਰਮਾਂ ਦੀ ਸਫਲਤਾ ਪੂਰਵਕ ਸਮਾਪਤੀ ਦੇ ਨੀਵੇਂ ਪੱਧਰ ਤੇ ਆਉਣ ਤੋਂ ਯਕੀਨੀ ਬਣਾਉਣ ਲਈ ਲਗਾਤਾਰ ਸੂਖਮ ਆਯੋਜਨ ਅਤੇ ਪ੍ਰਮਾਣਿਤ ਕਰਨਾ।

(ਸ) ਅਨੁਸੂਚਿਤ ਜਾਤੀਆਂ ਵਿਚੋਂ ਹੀ ਅਧਿਆਪਕ ਨਿਯੁਕਤ ਕਰਨੇ।

(ਹ) ਜ਼ਿਲ੍ਹਾ ਮੁੱਖ ਦਫ਼ਤਰਾਂ ਦੇ ਵਿਦਿਆਰਥੀ ਹੋਸਟਲਾਂ ਵਿਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਸਹੂਲਤਾਂ ਪ੍ਰਦਾਨ ਕਰਨੀਆਂ।

(ਕ) ਸਕੂਲ ਇਮਾਰਤਾਂ, ਬਾਲਵਾੜੀ ਅਤੇ ਬਾਲਗ ਸਿੱਖਿਆ ਕੇਂਦਰਾਂ ਦਾ ਸਥਾਨ ਨਿਰਧਾਰਤ ਕਰਨਾ ਤਾਂ ਕਿ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਪੂਰੀ ਹਿੱਸੇਦਾਰੀ ਦੀਆਂ ਸਹੂਲਤਾਂ ਮਿਲ ਸਕਣ।

ਨੀਤੀ ਵਿਚ ਅਨੁਸੂਚਿਤ ਕਬੀਲਿਆਂ, ਘੱਟ ਗਿਣਤੀ ਵਾਲੀਆਂ ਜਮਾਤਾਂ ਅਤੇ ਅੰਗਹੀਣਾਂ ਲਈ ਵੀ ਸਹੂਲਤਾਂ ਬਾਰੇ ਵਿਚਾਰਿਆ ਗਿਆ ਹੈ। ਇਸ ਦਾ ਉਦੇਸ਼ ਸਾਰੇ ਸਮੂਹਾਂ ਨੂੰ ਬਰਾਬਰ ਸਾਂਝੀਦਾਰ ਬਣਾ ਕੇ ਸਮਾਜ ਨਾਲ ਜੋੜਨਾ ਹੈ।

## 3. ਬਾਲਗ ਸਿੱਖਿਆ (Adult Education)

ਦੁਨੀਆਂ ਦੇ ਸਭ ਤੋਂ ਜ਼ਿਆਦਾ ਅਨਪੜ੍ਹ ਬਾਲਗ ਸ਼ਾਇਦ ਭਾਰਤ ਵਿਚ ਹਨ, ਕੁਝ ਹੱਦ ਤੱਕ ਸ਼ਾਇਦ ਇਹ ਜਨਸੰਖਿਆ ਦੇ ਵਾਧੇ ਕਰਕੇ ਹੈ ਅਤੇ ਕੁਝ ਹੱਦ ਤੱਕ ਸ਼ਾਇਦ ਸਿੱਖਿਆ ਦੇ ਪ੍ਰੋਗਰਾਮਾਂ ਦੀ ਥੁੜ੍ਹ ਕਰਕੇ ਹੈ। ਇਹ ਪ੍ਰਗਤੀ ਦੇ ਰਾਹ ਵਿਚ ਸਭ ਤੋਂ ਵੱਡਾ ਰੋੜਾ ਹੈ।

ਸੁਤੰਤਰਤਾ ਪ੍ਰਾਪਤ ਕਰਨ ਤੋਂ ਬਾਅਦ ਬਹੁਤ ਸਾਰੇ ਪ੍ਰੋਗਰਾਮ ਉਲੀਕੇ ਗਏ ਹਨ ਜਿਨ੍ਹਾਂ ਸਦਕਾ 1981 ਵਿਚ 36% ਲੋਕ ਪੜ੍ਹ ਲਿਖ ਗਏ ਪਰ ਤਾਂ ਵੀ ਇਹ ਕਾਫੀ ਨਹੀਂ ਹੈ।

15-35 ਸਾਲ ਦੀ ਉਮਰ ਵਿਚਲੇ ਸਮੂਹ ਨੂੰ ਨਿਸ਼ਾਨਾ ਬਣਾਇਆ ਗਿਆ। ਸੰਨ 1975 ਵਿਚ ਇਸਦਾ ਵਿਸਥਾਰ ਕਰਨ ਲਈ ਰਾਸ਼ਟਰੀ ਬਾਲਗ ਸਿੱਖਿਆ ਯੋਜਨਾ ਸ਼ੁਰੂ ਕੀਤੀ ਗਈ ਅਤੇ ਫਿਰ 20 ਨੁਕਾਤੀ ਪ੍ਰੋਗਰਾਮ 1982 ਵਿਚ ਸ਼ੁਰੂ ਹੋਇਆ ਜਿਸ ਵਿਚ 4-14 ਸਾਲ ਦੀ ਉਮਰ ਦੇ ਸਮੂਹ ਨੂੰ 15-35 ਸਾਲ ਦੇ ਸਮੂਹ ਨਾਲ ਹੀ ਜ਼ਰੂਰੀ ਸਿੱਖਿਆ ਦੇਣੀ ਸ਼ੁਰੂ ਕੀਤੀ ਗਈ। ਇਹ ਵਿਚਾਰ ਸੀ ਕਿ ਜਦੋਂ ਤਕ ਸਿੱਖਿਆ ਦੇ ਮਾਮਲੇ ਵਿਚ 6-14 ਸਾਲ ਦੇ ਸਮੂਹ ਨੂੰ ਪ੍ਰਫੁੱਲਤ ਨਹੀ ਕੀਤਾ ਜਾਂਦਾ ਤਦ ਤੱਕ ਪੜ੍ਹਨ ਵਾਲੇ ਬਾਲਗਾਂ ਦੀ ਗਿਣਤੀ ਵਿਚ ਵਾਧਾ ਨਹੀ ਹੋ ਸਕਦਾ।

1986 ਦੀ ਸਿੱਖਿਆ ਦੀ ਨੀਤੀ ਨੇ ਇਸ ਮੁਸ਼ਕਲ ਵੱਲ ਖਾਸ ਧਿਆਨ ਦਿੰਦਿਆਂ ਕਾਫੀ ਮਾਤਰਾ ਵਿਚ ਵੱਖ-ਵੱਖ ਯੋਜਨਾਵਾਂ ਉਲੀਕੀਆਂ ਜਿਨ੍ਹਾਂ ਵਿਚ ਵਿਦਿਆਰਥੀ, ਜਨਤਾ ਅਤੇ ਸਵੈ-ਇੱਛਤ ਸਾਧਨਾਂ ਨੂੰ ਸ਼ਾਮਿਲ ਕੀਤਾ।

ਮਈ 1988 ਵਿਚ ਰਾਸ਼ਟਰੀ ਸਾਖਰਤਾ ਮਿਸ਼ਨ ਜਿਸ ਦਾ ਉਦਘਾਟਨ ਪ੍ਰਧਾਨ ਮੰਤਰੀ ਨੇ ਕੀਤਾ, ਬਾਲਗਾਂ ਲਈ ਇਕ ਨਵੀ ਉਮੀਦ ਦਾ ਵਚਨ ਕਰਦਾ ਹੈ। ਸਭ ਤੋ ਵੱਡਾ ਸਾਧਨ "ਜਨ ਸ਼ਿਕਸ਼ਨ ਨਿਲਾਇਮ" ਹੈ ਜੋ ਕਿ 5000 ਦੇ ਲਗਭਗ ਜਨਸੰਖਿਆ ਜੋ ਕਿ ਪਿੰਡਾਂ ਵਿਚ 4-5 ਸੰਪਰਕ ਜਨਿਤ ਝੁੰਡਾਂ ਵਿਚ ਫੈਲੀ ਹੋਈ ਹੈ, ਲਈ ਉਪਯੋਗੀ ਹੋਵੇਗਾ।

## ਲੋਕਤੰਤਰ ਅਤੇ ਸਿੱਖਿਆ

## ਪਾਠਕ੍ਰਮ (Curriculum)

ਜਿਵੇਂ ਕਿ ਲੋਕਰਾਜੀ ਸਿੱਖਿਆ ਦਾ ਉਦੇਸ਼ ਬੱਚੇ ਦਾ ਸਰਬ-ਪੱਖੀ ਅਤੇ ਸੰਤੋਖਜਨਕ ਵਿਕਾਸ ਹੈ, ਉਸੇ ਤਰ੍ਹਾਂ ਪਾਠਕ੍ਰਮ ਵੀ ਸਰਬ-ਪੱਖੀ ਅਤੇ ਸੰਤੁਲਿਤ ਹੋਣਾ ਚਾਹੀਦਾ ਹੈ। ਬਹੁ-ਪੱਖੀ ਸ਼ਖਸ਼ੀਅਤ ਦਾ ਵਿਕਾਸ ਕਰਨ ਲਈ ਬਹੁ-ਪੱਖੀ ਪਾਠਕ੍ਰਮ ਜ਼ਰੂਰੀ ਹੈ। ਪਾਠਕ੍ਰਮ ਵੱਖ-ਵੱਖ ਪੱਧਰਾਂ ਤੇ ਵੱਖ-ਵੱਖ ਅਤੇ ਲਚਕਦਾਰ ਹੋਣਾ ਚਾਹੀਦਾ ਹੈ। ਬੱਚੇ ਦੇ ਜੀਵਨ ਵਿਚ ਭਰਪੂਰਤਾ ਤਾਂ ਹੀ ਆ ਸਕਦੀ ਹੈ ਜੇ ਸਿੱਖਿਆ ਦਾ ਪਾਠਕ੍ਰਮ ਗਿਆਨ ਦੀ ਪ੍ਰਾਪਤੀ, ਹੁਨਰਾਂ ਦਾ ਵਿਕਾਸ, ਕਦਰਾਂ-ਕੀਮਤਾਂ ਦੇ ਗ੍ਰਹਿਣ ਕਰਨ ਅਤੇ ਸਮਾਜਿਕ ਰਵੱਈਆਂ ਦੇ ਨਿਰਮਾਣ ਅਤੇ ਕੰਮ ਅਨੁਭਵ ਲਈ ਢੁੱਕਵੇਂ ਅਵਸਰ ਦੇ ਸਕੇ। ਲੋਕਰਾਜੀ ਪਾਠਕ੍ਰਮ ਬੱਚੇ ਦੇ ਸਮਾਜਿਕ ਜੀਵਨ ਨਾਲ ਸੰਬੰਧਿਤ ਹੁੰਦਾ ਹੈ। ਉਹ ਸਮਾਜਿਕ ਲੋੜਾਂ ਨਾਲ ਸੰਬੰਧਿਤ ਹੁੰਦਾ ਹੈ ਅਤੇ ਉਸ ਵਿਚ ਸਥਾਨਿਕ ਸਾਧਨਾਂ ਦੀ ਪੂਰੀ-ਪੂਰੀ ਵਰਤੋਂ ਹੁੰਦੀ ਹੈ। ਅਧਿਆਪਕ ਨੂੰ ਬੱਚਿਆਂ ਦੀਆ ਰੁਚੀਆਂ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਨੂੰ ਨੇਕ ਸ਼ਹਿਰੀ ਬਨਣ ਵਾਲੇ ਗੁਣਾਂ ਦੇ ਵਿਕਾਸ ਵੱਲ ਜ਼ੋਰ ਦੇਣਾ ਚਾਹੀਦਾ ਹੈ। ਲੋਕਤੰਤਰੀ ਪਾਠਕ੍ਰਮ ਬੱਚਿਆਂ ਨੂੰ ਪ੍ਰਾਪਤੀ ਦੇ ਅਵਸਰ ਉਪਲੱਬਧ ਕਰਾਉਂਦਾ ਹੈ।

ਲੋਕਰਾਜੀ ਪਾਠਕ੍ਰਮ ਲਚਕੀਲਾ ਅਤੇ ਭਿੰਨਤਾਪੂਰਣ ਹੋਣਾ ਚਾਹੀਦਾ ਹੈ। ਇਹ ਹੀ ਪ੍ਰਚਲਿਤ ਹਾਇਰ (ਸੀਨੀਅਰ) ਸੈਕੰਡਰੀ ਸਕੀਮ ਦਾ ਸਿਧਾਂਤ ਹੈ। ਦੱਸਵੀਂ ਜਮਾਤ ਤੱਕ ਜ਼ਰੂਰੀ ਪਾਠਕ੍ਰਮ ਹਾਸਿਲ ਕਰਨਾ ਚਾਹੀਦਾ ਹੈ ਜੋ ਕਿ ਲਾਜ਼ਮੀ ਹੈ ਅਤੇ ਜਿਸ ਨੇ ਆਉਣ ਵਾਲੀ ਜ਼ਿੰਦਗੀ ਵਿਚ ਹਰ ਇਕ ਦੀ ਮਦਦ ਕਰਨੀ ਹੁੰਦੀ ਹੈ। ਉਸ ਤੋਂ ਬਾਅਦ ਬੱਚਿਆਂ ਦੀਆਂ ਲੋੜਾਂ, ਰੁਚੀਆਂ ਅਤੇ ਯੋਗਤਾਵਾਂ ਅਨੁਸਾਰ ਪਾਠਕ੍ਰਮ ਬਣਾਉਣਾ ਚਾਹੀਦਾ ਹੈ।

ਰਾਸ਼ਟਰੀ ਪਾਠ-ਕ੍ਰਮ ਢਾਂਚੇ ਅਨੁਸਾਰ ਪਾਠ-ਕ੍ਰਮ ਦੇ ਕੁਝ ਖਾਸ ਉਦੇਸ਼ ਅਤੇ ਮਾਰਗ ਦਰਸ਼ਕ ਹੁੰਦੇ ਹਨ। ਐਨ.ਸੀ.ਈ.ਆਰ.ਟੀ. (N.C.E.R.T.) ਨੇ ਲੋਕਤੰਤਰਾਤਮਕ ਸਿੱਖਿਆ ਸੰਸਥਾ ਲਈ ਪਾਠ-ਕ੍ਰਮ ਨਿਰਮਾਣ ਸੰਬੰਧੀ ਹੇਠ ਲਿਖੇ ਵਿਸ਼ਿਆਂ ਦਾ ਸੁਝਾਓ ਦਿੱਤਾ ਹੈ :-

1. ਭਾਰਤ ਦੀ ਆਜ਼ਾਦੀ ਦੀ ਲਹਿਰ ਦਾ ਇਤਿਹਾਸ,
2. ਵਿਧਾਨਿਕ ਜ਼ਿੰਮੇਵਾਰੀਆਂ,
3. ਰਾਸ਼ਟਰੀ ਪਹਿਚਾਣ ਦੀ ਸਿਖਲਾਈ ਲਈ ਜ਼ਰੂਰੀ ਵਿਸ਼ਾ-ਵਸਤੂ,
4. ਇਸਤ੍ਰੀਆਂ ਅਤੇ ਮਰਦਾਂ ਦੀ ਸਮਾਨਤਾ, ਅਤੇ
5. ਸਮਾਜਿਕ ਰੋਕਾਂ ਨੂੰ ਹਟਾਉਣਾ

## ਅਧਿਆਪਕ ਦੀ ਭੂਮਿਕਾ (Teacher's Role)

ਸਿੱਖਿਆ ਦੀ ਕੋਈ ਪ੍ਰਣਾਲੀ, ਕੋਈ ਪਾਠ-ਕ੍ਰਮ ਅਤੇ ਕੋਈ ਵਿਧੀ ਅਧਿਆਪਕ ਦੇ ਪੱਧਰ ਤੋਂ ਉੱਪਰ ਨਹੀਂ ਉੱਠ ਸਕਦੀ। ਇਸ ਲਈ ਅਧਿਆਪਕ ਦੀ ਭੂਮਿਕਾ ਬਹੁਤ ਜ਼ਰੂਰੀ ਹੈ ਅਤੇ ਨਾਲ ਹੀ ਉਸ ਦੇ ਕੰਮ ਤੱਕ ਉਸ ਦੀ ਪਹੁੰਚ ਜ਼ਰੂਰੀ ਹੈ।

ਜੇ ਲੋਕਤੰਤਰ ਨੇ ਪ੍ਰਫੁਲਿਤ ਹੋਣਾ ਹੈ ਤਾਂ ਅਧਿਆਪਕ ਨੂੰ ਵੀ ਇਕ ਸੱਚਾ ਲੋਕਤੰਤਰੀ ਹੋਣਾ ਚਾਹੀਦਾ ਹੈ। ਉਸ ਨੂੰ ਲੋਕਤੰਤਰੀ ਸੰਕਲਪਾਂ ਦੀ ਸੂਝ-ਬੂਝ ਹੋਣੀ ਚਾਹੀਦੀ ਹੈ। ਉਸ ਨੂੰ ਲੋਕਤੰਤਰੀ ਪ੍ਰਬੰਧ ਲਈ ਕੁਸ਼ਲ ਹੋਣਾ ਚਾਹੀਦਾ ਹੈ। ਉਸ ਨੂੰ ਸਮੂਹਿਕ ਕਾਰਜ, ਤਕਨੀਕ, ਤਰਕਸ਼ੀਲ, ਬਹਿਸ, ਸਮੱਸਿਆਵਾਂ ਹੱਲ ਕਰਨ ਦੀ ਰੁਚੀ ਅਤੇ ਸਿੱਟਿਆਂ ਦੇ ਸਮੂਹਿਕ ਮੁਲਾਂਕਣ ਦੀ ਅੰਤਰ ਦ੍ਰਿਸ਼ਟੀ ਹੋਣੀ ਚਾਹੀਦੀ ਹੈ।

ਇਹ ਲੋਕਤੰਤਰੀ ਅਧਿਆਪਕ ਉਹਨਾਂ ਵਿਦਿਆਰਥੀਆਂ ਨਾਲ ਸੁਖਾਵੇਂ ਸੰਬੰਧ ਬਣਾ ਕੇ ਰੱਖੇਗਾ ਜਿਹੜੇ ਉਸਦੀ ਅਗਵਾਈ ਚਾਹੁੰਦੇ ਹਨ। ਉਸ ਨੂੰ ਉਨ੍ਹਾਂ ਦੇ ਵਿਅਕਤਿੱਤਵ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਸਨੂੰ ਆਜ਼ਾਦੀ ਦੇ ਮਾਹੌਲ ਵਿਚ ਵਿਦਿਆਰਥੀਆਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਰਸਤੇ ਵਿਚ ਆਉਂਦੀਆਂ ਰੁਕਾਵਟਾਂ ਨੂੰ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਅਧਿਆਪਕ ਵਿਚ ਇਕੱਠੇ ਕੰਮ ਕਰਨ ਦੀ ਭਾਵਨਾ ਹੋਣੀ ਚਾਹੀਦੀ ਹੈ ਤਾਂ ਜੋ ਲੋਕਤੰਤਰ ਵਿਚ ਵਾਧਾ ਹੋ ਸਕੇ ਅਤੇ ਇਕ ਚੰਗੇਰੇ ਸਮਾਜਿਕ ਢਾਂਚੇ ਦੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਜਾ ਸਕਣ।

ਇਕ ਲੋਕਤੰਤਰੀ ਅਧਿਆਪਕ ਵਿਚ ਨੇਤਾਗਿਰੀ ਦੇ ਗੁਣ ਹੋਣੇ ਚਾਹੀਦੇ ਹਨ, ਉਸ ਅੰਦਰ ਦੂਜਿਆਂ ਪ੍ਰਤੀ ਸਹਿਣਸ਼ੀਲਤਾ ਹੋਣੀ ਚਾਹੀਦੀ ਹੈ। ਜਿਵੇਂ ਕਿ ਵਿਅਕਤਿੱਤਵ ਦੇ ਪੂਰਨ ਵਿਕਾਸ ਲਈ ਲੋਕਤੰਤਰੀ ਵਾਤਾਵਰਣ ਦਾ ਹੋਣਾ ਲਾਜ਼ਮੀ ਹੈ, ਇਸ ਲਈ ਅਧਿਆਪਕ ਨੂੰ ਅਜਿਹਾ ਵਾਤਾਵਰਣ ਪੈਦਾ ਕਰਨ ਲਈ ਪੂਰੇ ਯਤਨ ਕਰਨੇ ਚਾਹੀਦੇ ਹਨ।

ਲੋਕਤੰਤਰ ਵਿਚ ਅਧਿਆਪਕ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਣ ਹੈ। ਇਕ ਅਧਿਆਪਕ ਲੋਕਤੰਤਰ ਨੂੰ ਬਣਾ ਵੀ ਸਕਦਾ ਹੈ ਅਤੇ ਖ਼ਤਮ ਵੀ ਕਰ ਸਕਦਾ ਹੈ। ਇਕ ਸਿਰਜਣਾਤਮਕ ਵਿਚਾਰਕ ਹੋਣ ਦੇ ਨਾਤੇ ਉਸ ਨੂੰ ਇਕ ਨੇਤਾ ਹੋਣਾ ਚਾਹੀਦਾ ਹੈ ਅਤੇ ਉਸਨੂੰ ਏਨਾ ਦਲੇਰ ਹੋਣਾ ਚਾਹੀਦਾ ਹੈ ਕਿ ਉਹ ਲੋਕਤੰਤਰੀ ਰਵਾਇਤਾਂ ਨੂੰ ਅੱਗੇ ਤੋਰ ਸਕੇ। ਉਸਨੂੰ ਇਕ ਸਿਆਣਾ ਸਲਾਹਕਾਰ, ਇਕ ਸਮਝਦਾਰ ਦੋਸਤ ਅਤੇ ਇਕ ਭਰੋਸੇਯੋਗ ਪੱਥ-ਪ੍ਰਦਰਸ਼ਕ ਹੋਣਾ ਚਾਹੀਦਾ ਹੈ।

## ਪੜ੍ਹਾਉਣ ਦੀਆਂ ਵਿਧੀਆਂ (Methods of Teaching)

ਬੱਚੇ ਦੇ ਸਮਾਜਿਕ ਜੀਵਨ ਨਾਲ ਜੁੜੀ ਹੋਈ ਸਿੱਖਿਆ ਨੂੰ ਲੋਕ-ਰਾਜੀ ਸਿੱਖਿਆ ਕਿਹਾ ਜਾਂਦਾ ਹੈ ਜਿਸ ਵਿਚ ਸਿੱਖਣ ਲਈ ਬੱਚਾ ਅਤੇ ਅਧਿਆਪਕ ਦੋਨੋਂ ਉਤਸ਼ਾਹਿਤ ਸਹਿਕਾਰੀਆਂ-ਸਹਿਯੋਗੀਆਂ ਦਾ ਕਰਤੱਵ ਨਿਭਾਉਂਦੇ ਹਨ। ਇਸ ਤਰ੍ਹਾਂ ਲੋਕਤੰਤਰ ਵਿਚ ਸਿੱਖਿਆ ਵਿਧੀਆਂ, ਵਿਅਕਤੀਗਤ ਭਿੰਨਤਾਵਾਂ, ਕੰਮ ਰਾਹੀ ਸਿੱਖਣ ਅਤੇ ਸੁਤੰਤਰਤਾ ਦੇ ਸਿਧਾਂਤ ਤੇ ਆਧਾਰਿਤ ਹਨ। ਸਿੱਖਿਆ ਨਾ ਦਿੱਤੀ ਜਾਂਦੀ ਹੈ ਅਤੇ ਨਾ ਹੀ ਲਈ ਜਾਂਦੀ ਹੈ ਸਗੋਂ ਇਹ ਪ੍ਰਯੋਗਾਤਮਕ ਰਵਈਏ ਨਾਲ ਪ੍ਰਾਪਤ ਕੀਤੀ ਜਾਂਦੀ ਹੈ। ਇਸ ਤਰ੍ਹਾਂ ਲੋਕਤੰਤਰ ਵਿਚ ਪੜ੍ਹਾਉਣ ਦੀਆਂ ਵਿਧੀਆਂ ਵਿਅਕਤੀਗਤ ਭਿੰਨਤਾਵਾਂ ਦੇ ਨਾਲ-ਨਾਲ ਸਮਾਜਿਕ ਜ਼ਰੂਰਤਾਂ ਨੂੰ ਉਤਸ਼ਾਹ ਦਿੰਦੀਆਂ ਹਨ। ਸੁਤੰਤਰ ਚੇਤੰਨ ਦੇ ਨਾਲ-ਨਾਲ ਇਹ ਸਹਿਯੋਗ ਨੂੰ ਵੀ ਉਤਸ਼ਾਹਿਤ ਕਰਦੀਆਂ ਹਨ ਅਤੇ ਵਿਅਕਤੀ ਨੂੰ ਸਮੂਹਿਕ ਵਿਚਾਰ-ਵਟਾਂਦਰੇ ਦੀ ਸਿਖਲਾਈ ਦਿੰਦੀਆਂ ਹਨ।

## ਅਨੁਸ਼ਾਸਨ (Discipline)

ਅਨੁਸ਼ਾਸਨ ਤੋਂ ਬਿਨ੍ਹਾਂ ਲੋਕਤੰਤਰ ਹੁੱਲੜਬਾਜ਼ੀ ਦਾ ਰੂਪ ਧਾਰ ਲੈਂਦਾ ਹੈ। ਸਵੈ-ਅਨੁਸ਼ਾਸਨ ਲੋਕਤੰਤਰ ਦਾ ਸਾਰ ਹੈ। ਲੋਕਤੰਤਰੀ ਅਨੁਸ਼ਾਸਨ ਮੰਗ ਕਰਦਾ ਹੈ ਕਿ ਕੋਈ ਵੀ ਚੀਜ਼ ਉਪਰੋਂ ਠੋਸੀ ਨਹੀਂ ਜਾਣੀ ਚਾਹੀਦੀ। ਇਸ ਲਈ ਸਕੂਲ ਵਿਚ ਵਿਦਿਆਰਥੀ ਨੂੰ ਸੁਤੰਤਰ ਤੌਰ ਤੇ ਨਿਰਣੇ ਲੈਣੇ ਚਾਹੀਦੇ ਹਨ ਅਤੇ ਤਰਕਸ਼ੀਲ ਤੇ ਨਿਰਣਿਆਂ ਨੂੰ ਲਾਗੂ ਕਰਨਾ ਚਾਹੀਦਾ ਹੈ। ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਸੁਖਾਵੇਂ ਸੰਬੰਧ ਹੋਣੇ ਚਾਹੀਦੇ ਹਨ। ਅਧਿਆਪਕ ਦਾ ਰਵੱਈਆ ਪੁਲਿਸ ਅਫਸਰ ਵਾਲਾ ਨਹੀਂ ਹੋਣਾ ਚਾਹੀਦਾ ਜਿਸ ਨੇ ਸਿਰਫ ਦੋਸ਼ ਲੱਭਣਾ ਅਤੇ ਦੋਸ਼ੀ ਨੂੰ ਸਜ਼ਾ ਦੇਣੀ ਹੁੰਦੀ ਹੈ। ਵਿਦਿਆਰਥੀਆਂ ਨੂੰ ਸਵੈ-ਸਰਕਾਰ ਦੀ ਕਲਾ ਸਿੱਖਣੀ ਚਾਹੀਦੀ ਹੈ ਅਤੇ ਉਨ੍ਹਾਂ ਵਿਚ ਇਹ ਭਾਵਨਾ ਹੋਣੀ ਚਾਹੀਦੀ ਹੈ ਕਿ ਸਕੂਲ ਪ੍ਰਸ਼ਾਸਨ ਵਿਚ ਉਨ੍ਹਾਂ ਦਾ ਵੀ ਹਿੱਸਾ ਹੈ। ਲੋਕਤੰਤਰ ਭਾਵੇਂ ਸਕੂਲ ਵਿਚ ਹੋਵੇ ਭਾਵੇਂ ਸਮਾਜ ਵਿਚ, ਉਸ ਨੂੰ ਸਾਰਿਆਂ ਦੇ ਸਹਿਯੋਗ ਦੀ ਭਾਵਨਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਚਲਾਇਆ ਜਾਂਦਾ ਹੈ। ਭਾਰਤ ਵਿਚ ਇਹ ਮੁਸ਼ਕਿਲ ਹੈ ਕਿ ਇਥੇ ਕਾਲਿਜ ਅਧਿਆਪਕ ਆਪਣੇ ਅਧਿਕਾਰਾਂ ਤੋਂ ਜਾਣੂ ਤਾਂ ਹਨ ਪਰ ਆਪਣੇ ਕਰਤੱਵਾਂ ਪ੍ਰਤੀ ਸੁਚੇਤ ਨਹੀਂ ਹਨ। ਇਸ ਸਭ ਦੇ ਨਤੀਜੇ ਵਜੋਂ ਉਨ੍ਹਾਂ ਅਤੇ ਸਕੂਲ/ਕਾਲਿਜ ਅਧਿਕਾਰੀਆਂ ਵਿਚ ਚਿੰਤਾਜਨਕ ਵਿਚਾਰਕ ਭਿੰਨਤਾ ਪੈਦਾ ਹੁੰਦੀ ਹੈ।

ਅਕਸਰ ਜਿਹੜੇ ਵਿਦਿਆਰਥੀ ਪ੍ਰਬੰਧਕੀ ਢਾਂਚੇ ਵਿਚ ਨੇਤਾ ਬਣਦੇ ਹਨ, ਉਹ ਆਪਣੇ ਸੰਬੰਧ ਕਿਸੇ ਨਾ ਕਿਸੇ ਰਾਜਨੀਤਿਕ ਪਾਰਟੀ ਨਾਲ ਬਣਾ ਲੈਂਦੇ ਹਨ। ਇਸ ਦੇ ਸਿੱਟੇ ਵਜੋਂ ਰਾਜਨੀਤੀ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀ ਅਹਾਤਿਆਂ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਇਹ ਬਹੁਤ ਭੈੜੀ ਅਵਸਥਾ ਹੈ ਕਿਉਂਕਿ ਰਾਜਨੀਤਿਕ ਆਪਣੇ ਸਵਾਰਥਾਂ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਗਲਤ ਰਾਹਾਂ ਤੇ ਪਾਉਂਦੇ ਹਨ ਅਤੇ ਲੜਾਈ-ਝਗੜੇ ਪੈਦਾ ਕਰਦੇ ਹਨ।

### ਪ੍ਰਬੰਧਕੀ ਪੱਖ (The Management Aspect)

ਲੋਕਤੰਤਰ ਵਿਚ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਲੋਕਤੰਤਰ ਲਈ ਸਿੱਖਿਆ ਪੜ੍ਹਾਉਣ ਦੇ ਕਮਰੇ ਅਤੇ ਸਕੂਲਾਂ ਦੇ ਵਾਤਾਵਰਣ ਵਿਚ ਹੀ ਸ਼ੁਰੂ ਹੁੰਦੀ ਹੈ। ਕਿਸੇ ਵੀ ਲੋਕਤੰਤਰ ਦੀ ਸਫਲਤਾ ਦੀ ਕੁੰਜੀ ਜ਼ਿੰਮੇਵਾਰ ਵਿਵਹਾਰ ਹੈ।

ਪੜ੍ਹਾਉਣ ਦਾ ਕਮਰਾ ਅਤੇ ਸਕੂਲ, ਪਰਿਵਾਰ, ਸਮਾਜ ਦਾ ਛੋਟਾ ਰੂਪ ਹੁੰਦੇ ਹਨ ਅਤੇ ਇਹ ਸਿਖਲਾਈ ਅਤੇ ਲੋਕਤੰਤਰੀ ਜੀਵਨ ਲਈ ਉੱਚਤਮ ਕੀਮਤਾਂ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਜਮਾਤ ਵਿਵਸਥਾ ਅਤੇ ਸਕੂਲ ਵਿਵਸਥਾ ਲਈ ਲੋਕਤੰਤਰੀ ਪ੍ਰਣਾਲੀ ਦੀ ਬਹੁਤ ਲੋੜ ਹੈ। ਇਕ ਸਕੂਲ ਵਿਚ ਲੋਕਤੰਤਰੀ ਵਿਵਸਥਾ ਲੈਣ-ਦੇਣ ਅਤੇ ਅਧਿਕਾਰਾਂ ਅਤੇ ਕਰਤੱਵਾਂ ਵਿਚ ਸੰਤੁਲਨ ਲਿਆਉਣ ਲਈ ਜੀਵਨ ਦਾ ਵਿਚਾਰ ਕਰਦੀ ਹੈ। ਇਸ ਤਰ੍ਹਾਂ ਦੀ ਵਿਵਸਥਾ ਵਿਚ ਅਧਿਆਪਕ ਪੜ੍ਹਾਉਣ ਦੇ ਕਮਰੇ ਦੀਆਂ ਤਕਨੀਕਾਂ ਦਾ ਆਨੰਦ ਮਾਣਦੇ ਹਨ, ਵਿਦਿਆਰਥੀਆਂ ਨੂੰ ਆਪਣੇ ਫਾਇਦੇ ਲਈ ਅਤੇ ਸਾਰੇ ਵਿਦਿਆਲੇ ਦੇ ਫਾਇਦੇ ਲਈ ਆਪਣੇ ਆਪ ਨੂੰ ਅਭਿਵਿਅਕਤ ਕਰਨ ਦੇ ਪੂਰੇ ਮੌਕੇ ਮਿਲਣੇ ਚਾਹੀਦੇ ਹਨ ਅਤੇ ਪ੍ਰਬੰਧਕ ਆਪਣੇ ਆਪ ਨੂੰ ਟੀਚਾ ਨਹੀਂ ਸਮਝਦੇ ਸਗੋਂ ਟੀਚੇ ਨੂੰ ਪ੍ਰਾਪਤ ਕਰਨ ਦਾ ਸਾਧਨ ਸਮਝਦੇ ਹਨ।

ਲੋਕਤੰਤਰੀ ਪ੍ਰਬੰਧਕੀ ਸਕੂਲ ਵਿਚ ਵਿਦਿਆਰਥੀਆਂ ਦਾ ਉਨ੍ਹਾਂ ਨਿਯਮਾਂ ਨੂੰ ਬਨਾਉਣ ਵਿਚ ਹਿੱਸਾ ਹੁੰਦਾ ਹੈ ਜਿਹੜੇ ਉਨ੍ਹਾਂ ਨਾਲ ਸੰਬੰਧਿਤ ਹੋਣ। ਉਹਨਾਂ ਨੂੰ ਕਲੱਬਾਂ, ਸੁਸਾਇਟੀਆਂ, ਸੰਸਥਾਵਾਂ ਅਤੇ ਸਕੂਲ ਵਿਚ ਪ੍ਰੋਗਰਾਮਾਂ ਦਾ ਆਯੋਜਨ ਕਰਨ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ ਦੇ ਮੌਕੇ ਮਿਲਦੇ ਹਨ। ਵੱਖ-ਵੱਖ ਕਿਰਿਆਵਾਂ ਜਿਵੇਂ ਕਿ ਖੇਡਾਂ ਦਾ ਆਯੋਜਨ, ਸਕੂਲ ਸਟੋਰ ਜਾਂ ਸਕੂਲ ਕੈਨਟੀਨ ਨੂੰ ਚਲਾਉਣ, ਸਕੂਲ ਦੀ ਸਫਾਈ ਵੱਲ ਧਿਆਨ ਦੇਣਾ, ਸਕੂਲ ਮੈਗਜ਼ੀਨ ਜਾਂ ਸਮਾਚਾਰ ਪ੍ਰਸਾਰਣ ਦਾ ਆਯੋਜਨ ਕਰਨ ਲਈ ਵਿਦਿਆਰਥੀਆਂ ਦੀ ਵਿਵਸਥਾ 'ਤੇ ਛੱਡ ਦੇਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਆਪਣੇ ਫੈਸਲੇ ਆਪ ਲੈਣ ਲਈ ਜ਼ਿੰਮੇਵਾਰੀ ਨਿਭਾਉਣ ਲਈ ਸ਼ਕਤੀਆਂ ਦਾ ਆਨੰਦ ਮਾਣਨਾ ਚਾਹੀਦਾ ਹੈ।

ਇਥੇ ਉਸਾਰੂ ਆਲੋਚਨਾ ਹੈ। ਪ੍ਰਬੰਧਕ ਅਧਿਆਪਕਾਂ ਨੂੰ ਆਪਣੇ ਵਿਵਸਾਇਕ ਪਰਪੱਕਤਾ ਅਤੇ ਤਜ਼ਰਬਿਆਂ ਦੇ ਲਾਭ ਦਿੰਦਾ ਹੈ ਅਤੇ ਲੜਕਿਆਂ ਨੂੰ ਉਨ੍ਹਾਂ ਦੇ ਵਿਅਕਤਿਤਵ ਦੇ ਵਿਕਾਸ ਦੇ ਸਮਰੱਥ ਬਣਾਓਂਦਾ ਹੈ। ਠੀਕ ਵਿਅਕਤੀ ਠੀਕ ਕੰਮ ਤੇ ਲੱਗਾ ਹੋਇਆ ਹੈ। ਇਸ ਲਈ ਹਰ ਕੋਈ ਜ਼ਰੂਰੀ ਯੋਗਦਾਨ ਪਾਉਂਦਾ ਹੈ।

ਲੋਕਤੰਤਰੀ ਸਿੱਖਿਆ ਚੰਗੀ ਤਰ੍ਹਾਂ ਯੋਜਨਾਬੱਧ ਹੋਣੀ ਚਾਹੀਦੀ ਹੈ, ਜਿਥੇ ਸਾਰੇ ਮੈਂਬਰ ਇਕ ਸਾਂਝਾ ਉਦੇਸ਼ ਪ੍ਰਾਪਤ ਕਰਨ ਲਈ ਇਕੱਠੇ ਪ੍ਰਭਾਵਸ਼ਾਲੀ, ਲਾਭਕਾਰੀ ਅਤੇ ਇਕਸੁਰਤਾ ਨਾਲ ਕੰਮ ਕਰਦੇ ਹਨ, ਜਿੱਥੇ ਆਜ਼ਾਦੀ ਜ਼ਿੰਮੇਵਾਰੀ ਨਾਲ ਬੱਝੀ ਹੋਈ ਹੈ।

ਵਿਅਕਤਿਕਤਾ, ਆਜ਼ਾਦ ਖਿਆਲੀ ਦਾ ਵਿਕਾਸ ਅਤੇ ਤੰਦਰੁਸਤ ਰੁਚੀ ਅਤੇ ਠੀਕ ਵਤੀਰੇ ਨੂੰ ਬਣਤਰ ਆਦਿ ਦੇ ਵਿਕਾਸ ਲਈ ਸਕੂਲ ਨੂੰ ਬੱਚਿਆਂ ਦੇ ਲਈ ਸਹੀ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ। "ਜ਼ਿੰਮੇਵਾਰੀ ਲੈਣ ਲਈ ਸਿੱਖਣਾ" ਲੋਕਤੰਤਰ ਦਾ ਇਕ ਜ਼ਰੂਰੀ ਪਾਠ ਹੈ। ਵਿਦਿਆਰਥੀਆਂ ਨੂੰ ਇਸ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਇਹ ਜ਼ਿੰਮੇਵਾਰੀ ਉਨ੍ਹਾਂ ਇਕ ਗਰੁੱਪ ਦੇ ਮੈਂਬਰ ਹੋਣ ਦੇ ਨਾਤੇ ਠੀਕ ਵਿਵਹਾਰ ਕਰਨ, ਆਪਣੇ ਪਾਠ ਪੜ੍ਹਨ ਅਤੇ ਆਪਣੇ ਆਪ ਦਾ ਧਿਆਨ ਰੱਖਣ ਲਈ ਜ਼ਰੂਰੀ ਹੈ। ਇਸ ਤੋਂ ਬਾਅਦ ਗਰੁੱਪ ਵਿਚ ਜ਼ਿੰਮੇਵਾਰੀ ਲੈਣ ਦਾ ਹੌਸਲਾ ਆਉਂਦਾ ਹੈ ਜਿਹੜਾ ਕਿ ਪਾਠ-ਸਹਾਇਕ ਕਿਰਿਆਵਾਂ ਦਾ ਰੂਪ ਧਾਰਨ ਕਰਦਾ ਹੈ।

ਪਾਠ ਸਹਾਇਕ ਕਿਰਿਆਵਾਂ ਬੱਚਿਆਂ ਨੂੰ ਸਵੈ-ਭਰੋਸਾ, ਨੇਤਾਗਿਰੀ ਦੇ ਗੁਣ, ਪਹਿਲ ਸ਼ਕਤੀ, ਸਹਿਯੋਗ, ਆਗਿਆਪਾਲਕ ਅਤੇ ਜ਼ਿੰਮੇਵਾਰ ਵਰਤਾਓ ਪ੍ਰਗਟ ਕਰਨ ਲਈ ਵਧੀਆ ਮੌਕੇ ਦਿੰਦੀਆਂ ਹਨ। ਇਹ ਲੋਕਤੰਤਰ ਸਿਧਾਂਤਾਂ ਦੇ ਗੁਣ ਗ੍ਰਹਿਣ ਕਰਨ ਲਈ ਜ਼ਰੂਰੀ ਆਧਾਰ ਹਨ। ਇਕ ਵਿਅਕਤੀ ਸਹਿਯੋਗ ਕਰਨ ਨਾਲ ਹੀ ਸਹਿਯੋਗ ਕਰਨਾ, ਨੇਤਾ ਦੀ ਚੋਣ ਕਰਨਾ ਨਾਲ ਹੀ ਨੇਤਾ ਚੁਣਨਾ ਅਤੇ ਯੋਜਨਾ ਬਣਾਉਣ ਨਾਲ ਹੀ ਯੋਜਨਾ ਬਨਾਉਣਾ ਸਿੱਖ ਸਕਦਾ ਹੈ।

## 2.4.10 ਦੁਹਰਾਈ ਲਈ ਸੰਕੇਤ (Points for Recapitulation)

(1) ਲੋਕਤੰਤਰ ਲਈ ਸਿੱਖਿਆ ਤੋਂ ਭਾਵ ਹੈ ਕਿ ਪ੍ਰਚਲਿਤ ਸਿੱਖਿਆ ਪ੍ਰਣਾਲੀ ਨੂੰ ਸੁਧਾਰਨਾ ਤਾਂ ਕਿ ਸਮਾਜ ਦੇ ਸਾਰੇ ਵਰਗ ਸਿੱਖਿਆ ਦੇ ਬਰਾਬਰ ਮੌਕੇ ਪ੍ਰਾਪਤ ਕਰ ਸਕਣ।

(2) ਲੋਕਤੰਤਰ ਦੀ ਇਕ ਮੰਗ ਸਰਵਵਿਆਪਕ ਸਿੱਖਿਆ ਹੈ।

(3) ਲੋਕਤੰਤਰ ਭਾਰਤ ਦੇ ਉਦੇਸ਼ਾਂ ਨੂੰ ਸਹੀ ਤੌਰ ਤੇ ਧਿਆਨ ਵਿਚ ਰੱਖਦਾ ਹੈ।

(4) ਸਕੂਲਾਂ ਵਿਚ ਲੋਕਤੰਤਰੀ ਸੁਭਾਅ ਹੋਣਾ ਚਾਹੀਦਾ ਹੈ, ਜਿਸਦੇ ਅਨੁਸਾਰ ਬੱਚਿਆਂ ਨੂੰ ਖੁਸ਼ੀ ਭਰਪੂਰ ਵਾਤਾਵਰਣ ਅਤੇ ਹਰ ਬੱਚੇ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ।

(5) ਪਾਠਕ੍ਰਮ ਲਚਕੀਲਾ ਹੋਣਾ ਚਾਹੀਦਾ ਹੈ ਅਤੇ ਲੋਕਤੰਤਰੀ ਵਿਚਾਰਾਂ ਦੇ ਅਧਿਆਪਕਾਂ ਦੁਆਰਾ ਇਕ ਤਰ੍ਹਾਂ ਨਾਲ ਸਵੈ-ਅਨੁਸ਼ਾਸਨ ਉਤਸ਼ਾਹਿਤ ਕਰਨਾ ਚਾਹੀਦਾ ਹੈ।

## 2.4.11 ਸੁਝਾਏ ਪ੍ਰਸ਼ਨ (Suggested Questions)

1. 1986 ਦੀ ਸਿੱਖਿਆ ਨੀਤੀ ਵਿਚ ਦਿੱਤੇ ਲੋਕਤੰਤਰ ਸਿੱਖਿਆ ਦੇ ਮੁੱਖ ਵਿਸ਼ਿਆਂ ਨੂੰ ਵਿਸਥਾਰ ਪੂਰਵਕ ਲਿਖੋ।
2. ਲੋਕਤੰਤਰ ਦੀ ਸਿੱਖਿਆ ਕਿਵੇਂ ਦਿੱਤੀ ਜਾਣੀ ਚਾਹੀਦੀ ਹੈ? ਲੋਕਤੰਤਰ ਸਿੱਖਿਆ ਵਿਚ ਅਧਿਆਪਕ ਦੀ ਭੂਮਿਕਾ ਲਿਖੋ।
3. ਲੋਕਤੰਤਰ ਦੀ ਵਰਤਮਾਨ ਧਾਰਨਾ ਲਿਖੋ।ਇਹ ਧਾਰਨਾ ਕਿੰਨ੍ਹਾਂ ਕੀਮਤਾਂ ਤੇ ਆਧਾਰਿਤ ਹੈ, ਉਨ੍ਹਾਂ ਦਾ ਵਰਨਣ ਕਰੋ।

## 2.4.12 ਸੁਝਾਈਆਂ ਪੁਸਤਕਾਂ (Suggested Books)


1. ਟੀ.ਐਸ. ਸੋਢੀ ਅਤੇ ਹਰਿੰਦਰ ਕੌਰ ਸੋਢੀ : ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ
2. ਵੀ.ਆਰ. ਤਨੇਜਾ : ਫਾਊਂਡੇਸ਼ਨ ਆਫ਼ ਐਜੂਕੇਸ਼ਨ
3. ਕੇ.ਕੇ.ਭਾਟੀਆਂ ਅਤੇ ਸੀ.ਐਲ. ਨਾਰੰਗ : ਫਿਲਾਸਫੀਕਲ ਐਂਡ ਸੋਸ਼ੋਲੋਜੀਕਲ ਫ਼ਾਊਡੇਸ਼ਨ ਆਫ਼ ਐਜੂਕੇਸ਼ਨ